# ਸਲਾਨਾ ਪ੍ਰਬੰਧਕੀ ਰਿਪੋਰਟ

# 2017-18

ਆਰਥਿਕ ਸਲਾਹਕਾਰ, ਪੰਜਾਬ ਸਰਕਾਰ
ਵਿੱਤ ਤੇ ਯੋਜਨਾ ਭਵਨ, ਸੈਕਟਰ 33-ਏ,
ਚੰਡੀਗੜ੍ਹ।

# ਸਲਾਨਾ ਪ੍ਰਬੰਧਕੀ ਰਿਪੋਰਟ 2017-18
# ਅਰਥ ਅਤੇ ਅੰਕੜਾ ਸੰਗਠਨ,ਪੰਜਾਬ

## ਪਿਛੋਕੜ

ਅਜ਼ਾਦੀ ਤੋਂ ਬਾਦ ਆਰਥਿਕ ਯੋਜਨਾਬੰਦੀ ਦੇ ਯੁੱਗ ਦੇ ਆਉਣ ਨਾਲ ਰਾਜ ਸਰਕਾਰ ਨੇ ਰਾਜ ਦੀਆਂ ਅੰਕੜਾਤਮਿਕ ਲੋੜਾਂ ਨੂੰ ਪੂਰਾ ਕਰਨ ਲਈ 1949 ਵਿਚ ਅਰਥ ਤੇ ਅੰਕੜਾ ਸਲਾਹਕਾਰ ਦੀ ਅਗਵਾਈ ਵਿਚ ਇਕ ਸਟੈਟਿਸਟਿਕਲ ਆਫਿਸ ਬਣਾਇਆ।1953 ਵਿਚ ਬੋਰਡ ਆਫ ਇਕਨਾਮਿਕ ਇੰਨਕੁਆਰੀ/ਬੋਰਡ ਆਫ ਇਕਨਾਮਿਕ ਅਤੇ ਸਟੈਟਿਸਟਿਕਸ ਵੀ ਇਸ ਦਫਤਰ ਦਾ ਹਿੱਸਾ ਬਣ ਗਿਆ, ਜਿਸ ਨੂੰ 1949/1950 ਵਿਚ ਸਾਬਕਾ ਪੈਪਸੂ ਰਾਜ ਵਿਚ ਬਣਾਇਆ ਗਿਆ ਸੀ।1956 ਵਿਚ ਪੰਜਾਬ ਅਤੇ ਪੈਪਸੂ ਦੇ ਵਿਲੀਨਤਾ ਦੇ ਨਾਲ ਵਰਤਮਾਨ ਅਰਥ ਅਤੇ ਅੰਕੜਾ ਸੰਗਠਨ (ESO) ਹੋਂਦ ਵਿਚ ਆਇਆ।ਅੱਜ ਦੇ ਸਮੇਂ ਵਿਚ ESO ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੰਮ ਕਰ ਰਿਹਾ ਹੈ।

CSO ਦੀ ਕਾਰਜਪ੍ਰਣਾਲੀ ਦੇ ਅਨੁਸਾਰ ਸਲਾਨਾ ਰਾਜ ਆਮਦਨ ਅਨੁਮਾਨ ਤਿਆਰ ਕਰਨਾ ਇਸ ਸੰਸਥਾ ਦਾ ਮੁੱਖ ਕੰਮ ਹੈ।ਇਸ ਤੋਂ ਇਲਾਵਾ ਕਈ ਅਹਿਮ ਡੈਟਾ ਸੈੱਟ ਨਿਯਮਤ ਸਮੇਂ ਤੋਂ ਬਾਦ ਤਿਆਰ ਕੀਤੇ ਜਾਂਦੇ ਹਨ, ਜਿਹੜੇ ਵੱਡੀ ਗਿਣਤੀ ਵਿਚ ਸਟੇਕਹੋਲਡਰਾਂ ਜਿਵੇਂ ਕਿ ਯੋਜਨਾਕਾਰਾਂ, ਖੋਜ਼ ਕਰਤਾਵਾਂ, ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੁਆਰਾ ਵਰਤੇ ਜਾਂਦੇ ਹਨ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ ਅਤੇ ਰਾਜ ਅਤੇ ਕੇਂਦਰੀ ਸਰਕਾਰ, ਨੀਤੀਕਾਰਾਂ, ਖੋਜ ਸੰਸਥਾਵਾਂ ਅਤੇ ਮਾਹਿਰ ਤੇ ਵਿਦਵਾਨਾਂ ਦੀ ਅੰਕੜਾਤਮਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।ਇਹ ਸੰਗਠਨ ਰਾਜ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ ਤੱਕ ਪ੍ਰਾਇਮਰੀ ਅਤੇ ਸੈਕੰਡਰੀ ਡੈਟਾ ਇਕੱਤਰ ਕਰਦਾ ਹੈ।ਇਸ ਤਰ੍ਹਾਂ ਇਕੱਠੇ ਕੀਤੇ ਡੈਟੇ ਨੂੰ ਸੰਗ੍ਰਹਿ, ਸੰਕਲਨ, ਅਤੇ ਵਿਸ਼ਲੇਸ਼ਣ ਕਰਨ ਤੋਂ ਬਾਅਦ ਵੱਖ-ਵੱਖ ਪ੍ਰਕਾਸ਼ਨਾਂ ਦੇ ਰੂਪ ਵਿੱਚ ਛਪਵਾਇਆ ਜਾਂਦਾ ਹੈ।ਇਹ ਸੰਗਠਨ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਲਈ ਨੋਡਲ ਏਜੰਸੀ ਦਾ ਕੰਮ ਕਰਦਾ ਹੈ।ਇਸ ਲਈ ਇਹ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਦਾ ਤਾਲਮੇਲ ਰੱਖਦਾ ਹੈ ਅਤੇ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਨਾਲ ਯੋਗ ਸੰਪਰਕ ਰੱਖਦਾ ਹੈ।

'ਰਾਜ ਅੰਕੜਾ ਸਾਰ' ਅਤੇ 'ਆਰਥਿਕ ਸਰਵੇਖਣ ਪੰਜਾਬ' ਇਸ ਸੰਗਠਨ ਦੇ ਦੋ ਮਹੱਤਵਪੂਰਨ ਪ੍ਰਕਾਸ਼ਨ ਹਨ, ਜਿਨ੍ਹਾਂ ਵਿੱਚ ਰਾਜ ਦੇ ਵੱਖ-ਵੱਖ ਸਮਾਜਿਕ ਆਰਥਿਕ ਵਿਸ਼ਿਆਂ ਤੇ ਬਹੁਪੱਖੀ ਸੂਚਨਾਂ ਸ਼ਾਮਲ ਕੀਤੀ ਜਾਂਦੀ ਹੈ।ਇਹ ਦੋਵੇਂ ਪ੍ਰਕਾਸ਼ਨ ਬਜੱਟ ਦਸਤਾਵੇਜ਼ ਹਨ ਜੋ ਕਿ ਸਲਾਨਾ ਤਿਆਰ ਕੀਤੇ ਜਾਂਦੇ ਹਨ ਅਤੇ ਵਿਧਾਨ ਸਭਾ ਦੇ ਬਜੱਟ ਸੈਸ਼ਨ ਵਿਚ ਪੇਸ਼ ਕੀਤੇ ਜਾਂਦੇ ਹਨ।ਪਿੰਡਾਂ ਦੀ ਡਾਇਰੈਕਟਰੀ ਵਿਭਾਗ ਦਾ ਇਕ ਹੋਰ ਆਨਲਾਈਨ ਪ੍ਰਕਾਸ਼ਨ ਹੈ, ਜ਼ੋ 253 ਆਈਟਮਾਂ ਤੇ ਰਾਜ ਦੇ ਸਾਰੇ ਪਿੰਡਾਂ ਦਾ ਮਾਈਕਰੋ ਪੱਧਰ ਦਾ ਡਾਟਾ ਪੇਸ਼ ਕਰਦੀ ਹੈ।

## 2. ਵਿਭਾਗ ਦਾ ਸੰਸਥਾਗਤ ਢਾਂਚਾ

ਆਰਥਿਕ ਸਲਾਹਕਾਰ, ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਮੁਖੀ ਹਨ।ਜਿਨ੍ਹਾਂ ਦੀ ਸਹਾਇਤਾ ਡਾਇਰੈਕਟਰਾਂ, ਮੀਤ ਡਾਇਰੈਕਟਰਾਂ, ਉਪ ਅਰਥ ਅਤੇ ਅੰਕੜਾ ਸਲਾਹਕਾਰਾਂ, ਖੋਜ ਅਫਸਰਾਂ ਅਤੇ ਸਹਾਇਕ ਖੋਜ ਅਫਸਰਾਂ ਵਲੋਂ ਕੀਤੀ ਜਾਂਦੀ ਹੈ।ਵਿਭਾਗ ਦੀ ਸੰਗਠਨਾਤਮਿਕ ਬਣਤਰ ਦਾ ਚਾਰਟ ਅਨੈਕਸਚਰ । ਤੇ ਹੈ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਰਾਜ ਪੱਧਰ ਤੇ 11 ਰੈਗੂਲਰ ਸੈਕਸ਼ਨ ਹਨ, ਇਸ ਤੋਂ ਇਲਾਵਾ 5 ਹੋਰ ਸੈਕਸ਼ਨ, ਮੈਂਬਰ ਆਫ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ, 20 ਨੁਕਾਤੀ ਪ੍ਰੋਗਰਾਮ, ਆਰਥਿਕ ਗਣਨਾ, ਆਈ.ਐਸ.ਐਸ.ਪੀ. ਅਤੇ ਜਿਓਗ੍ਰਾਫਿਕ ਇੰਨਫਰਮੇਸ਼ਨ ਸਿਸਟਮ (ਜੀ.ਆਈ.ਐਸ) ਮੁੱਖ ਦਫਤਰ ਵਿਖੇ ਕੰਮ ਕਰਦੇ ਸਨ।ਇਕ ਸੈਕਸ਼ਨ ਅਮਲਾ ਸ਼ਾਖਾ ਅਤੇ ਬਾਕੀ ਸੈਕਸ਼ਨ ਅੰਕੜਿਆਂ ਅਤੇ ਖੋਜ ਅਧਾਰਿਤ ਟੈਕਨੀਕਲ, ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਸਬੰਧੀ

ਕੰਮ ਕਰਦੇ ਹਨ।ਅਮਲਾ ਸ਼ਾਖਾ ਮਨੁੱਖੀ ਸਰੋਤ ਦਾ ਪ੍ਰਬੰਧਕੀ ਕੰਮ ਕਰਦੀ ਹੈ।ਡਾਇਰੈਕਟਰ, ਮੀਤ ਡਾਇਰੈਕਟਰ ਅਤੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵੱਖ-ਵੱਖ ਆਰਥਿਕ ਅਤੇ ਅੰਕੜਾਤਮਕ ਵਿਸ਼ਿਆਂ ਤੇ ਦਿਨ ਪ੍ਰਤੀਦਿਨ ਜ਼ਰੂਰੀ ਅਗਵਾਈ ਦਿੰਦੇ ਹਨ।ਖੋਜ ਅਫਸਰ ਅਤੇ ਸਹਾਇਕ ਖੋਜ ਅਫਸਰ ਮੁੱਖ ਤੌਰ ਤੇ ਡੈਟੇ ਦੇ ਵਿਸ਼ਲੇਸ਼ਣ ਅਤੇ ਸੰਕਲਨ ਲਈ ਜ਼ਿੰਮੇਂਵਾਰ ਹਨ ਜਦੋਂ ਕਿ ਡੈਟਾ ਇਕੱਤਰ, ਸੰਗ੍ਰਹਿ ਕਰਨ ਦਾ ਕੰਮ ਅੰਕੜਾ ਸਹਾਇਕਾਂ ਅਤੇ ਇਨਵੈਸਟੀਗੇਟਰਾਂ ਰਾਹੀਂ ਕੀਤਾ ਜਾਂਦਾ ਹੈ।

ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਅੰਕੜਾ ਦਫ਼ਤਰ ਹੈ, ਜਿਸ ਦਾ ਮੁੱਖੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਹੈ।ਜ਼ਿਲ੍ਹਾ ਅੰਕੜਾ ਅਫਸਰ ਅੰਕੜੇ ਇਕੱਤਰ ਕਰਨ ਅਤੇ ਵਿਕਾਸ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਦੋਹਰਾ ਕੰਮ ਕਰਦੇ ਹਨ।ਜ਼ਿਲ੍ਹਾ ਅੰਕੜਾ ਦਫ਼ਤਰ ਐਮ.ਪੀ ਲੈਡ ਸਕੀਮ ਅਧੀਨ ਫੰਡ ਸੈਂਕਸ਼ਨ/ਜਾਰੀ ਕਰਵਾਉਣ ਵਿਚ ਵੀ ਅਹਿਮ ਰੋਲ ਅਦਾ ਕਰਦੇ ਹਨ।ਇਸ ਸਕੀਮ ਅਧੀਨ ਰਾਜ ਦੇ ਹਰ ਇੱਕ ਐਮ.ਪੀ.ਨੂੰ ਸਲਾਨਾ ਪੰਜ ਕਰੋੜ ਰੁਪਏ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਜਾਂਦੇ ਹਨ।20 ਨੁਕਾਤੀ ਪ੍ਰੋਗਰਾਮ ਦਾ ਰੀਵਿਊ ਵੀ ਇਸ ਵਿਭਾਗ ਵਲੋਂ ਕੀਤਾ ਜਾਂਦਾ ਹੈ।

ਅਜਿਹੀਆਂ ਸਕੀਮਾਂ (ਐਮਪੀਲੈਡ ਅਤੇ ਟੀਪੀਪੀ) ਦਾ ਕੰਮ ਮੌਜੂਦਾ ਮੰਜੂਰਸ਼ੁਦਾ ਵਿਭਾਗੀ ਸਟਾਫ ਵਲੋਂ ਹੀ ਕੀਤਾ ਜਾਂਦਾ ਹੈ ਅਤੇ ਇਸ ਲਈ ਕੋਈ ਵਾਧੂ ਸਟਾਫ ਉਪਲਬੱਧ ਨਹੀਂ ਹੈ ਜਿਸ ਕਾਰਨ ਵਿਭਾਗ ਦਾ ਅੰਕੜਾਤਮਕ ਕੰਮ ਗੰਭੀਰ ਰੂਪ ਵਿਚ ਪ੍ਰਭਾਵਿਤ ਹੈ।ਅਸਾਮੀਵਾਰ ਅਤੇ ਸ਼੍ਰੇਣੀਵਾਰ ਮੰਜੂਰਸੁਦਾ ਅਤੇ ਭਰੀਆਂ ਅਸਾਮੀਆਂ ਦਾ ਵੇਰਵਾ ਅਨੈਕਸਚਰ- II ਅਤੇ III ਤੇ ਕ੍ਰਮਵਾਰ ਹੈ।

## 3. ਵਿਜ਼ਨ, ਮਿਸ਼ਨ ਅਤੇ ਟੀਚੇ

### ੳ) ਵਿਜ਼ਨ

ਦੇਸ਼ ਵਿਚ ਸਭ ਤੋਂ ਵੱਧ ਨਵੀਨਕਾਰੀ ਸਟੇਟ ਸਟੈਟਿਸਟੀਕਲ ਸਿਸਟਮ ਅਤੇ ਰਾਜ ਦੇ ਹੇਠਲੇ ਪੱਧਰ ਦੀ ਯੋਜਨਾ ਲਈ ਗੁਣਾਤਮਕ ਡਾਟਾ ਬੈਂਕ, ਪ੍ਰੋਗਰਾਮਾਂ ਅਤੇ ਪ੍ਰੋਜੈਕਟਾਂ ਦੀ ਪ੍ਰਭਾਵਸ਼ਾਲੀ ਤਰੀਕੇ ਨਾਲ ਨਿਗਰਾਨੀ ਅਤੇ ਮੁਲਾਂਕਣ ਕਰਨਾ ਤਾਂ ਜ਼ੋ ਰਾਜ ਅਤੇ ਰਾਸ਼ਟਰੀ ਸਰੋਤਾਂ ਦੀ ਕਾਰਗਰ ਵਰਤੋਂ ਯਕੀਨੀ ਬਣਾਈ ਜਾ ਸਕੇ।

### ਅ) ਮਿਸ਼ਨ

ਸਮੇਂ ਸਿਰ ਅਤੇ ਸਹੀ ਅੰਕੜੇ ਪ੍ਰਦਾਨ ਕਰਨਾ ਜ਼ੋ ਯੋਜਨਾਬੰਦੀ, ਖੋਜ਼ ਅਤੇ ਜਨਤਕ ਜਾਣਕਾਰੀ ਲਈ ਉਪਯੋਗੀ ਹੋਵੇ।

i) ਸਹੀ ਅਤੇ ਸਮੇਂ ਸਿਰ ਅੰਕੜੇ ਉਪਲਬੱਧ ਕਰਵਾਕੇ ਗਤੀਸ਼ੀਲ ਸਮਾਜਿਕ, ਆਰਥਿਕ ਸੰਦਰਭ ਵਿਚ ਸੂਝਵਾਨ ਫੈਸਲੇ ਲੈਣ ਲਈ ਸਾਰੀਆਂ ਡੈਟਾ ਲੋੜਾਂ ਨੂੰ ਪੂਰਾ ਕਰਨਾ।

ii) ਖੋਜ਼, ਸੂਚਿਤ ਫੈਸਲੇ ਲੈਣ ਅਤੇ ਜਨਤਕ ਜਾਣਕਾਰੀ ਲਈ ਡੈਟਾ ਲੋੜਾਂ ਦਾ ਨਿਯਮਤ ਮੁਲਾਂਕਣ ਕਰਨਾ।

iii) ਦੇਸ਼ ਵਿਚ ਅੰਕੜਾ ਪ੍ਰਣਾਲੀ ਦੇ ਵਿਕਾਸ ਲਈ ਸਾਰੀਆਂ ਰਾਸ਼ਟਰੀ ਪਹਿਲਕਦਮੀਆਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਅਤੇ ਯੋਗਦਾਨ ਪਾਉਣਾ।

### ੲ) ਟੀਚੇ (ਮਾਪਣਯੋਗ ਮਾਪਦੰਡਾਂ ਜਾਂ ਕਾਰਗੁਜ਼ਾਰੀ ਦੇ ਮੁੱਖ ਸੂਚਕ)

ਗੈਰ ਸਰਕਾਰੀ ਸਟੇਕਹੋਲਡਰਜ ਅਤੇ ਸਰਕਾਰੀ ਨੀਤੀ ਬਣਾਉਣ ਵਾਲਿਆਂ ਅਤੇ ਯੋਜਨਾਕਾਰਾਂ ਨੂੰ ਕੁੱਝ ਮਹਤੱਵਪੂਰਨ ਸੂਚਕਾਂ ਤੇ ਡੈਟਾ/ਅੰਕੜੇ ਮੁਹੱਈਆ ਕਰਵਾਉਣਾ।

ਹੇਠ ਲਿਖੀਆਂ ਗਤੀਵਿਧੀਆਂ ਰਾਹੀਂ ਕੁਝ ਮੁੱਖ ਨਿਵੇਸ਼ ਪ੍ਰਦਾਨ ਕੀਤੇ ਗਏ ਹਨ:

1. ਰਾਜ ਆਮਦਨ ਦੇ ਆਰਜ਼ੀ, ਤੁਰੰਤ ਅਤੇ ਅਗੇਤੇ ਅਨੁਮਾਨਾਂ ਨੂੰ ਇਕੱਠਾ ਕਰਨਾ ਅਤੇ ਜਾਰੀ ਕਰਨਾ।
2. ਪੰਜਾਬ ਦੇ ਰਾਜ ਅੰਕੜਾ ਸਾਰ ਦਾ ਸੰਕਲਨ ਅਤੇ ਜਾਰੀ ਕਰਨਾ।
3. ਪੰਜਾਬ ਦੇ ਆਰਥਿਕ ਸਰਵੇਖਣ ਦਾ ਸੰਕਲਨ ਅਤੇ ਜਾਰੀ ਕਰਨਾ।

4. ਨਗਰਨਿਗਮਾਂ/ਕਮੇਟੀਆਂ ਦੇ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ਼੍ਰੇਣੀਆਂ ਦਾ ਸੰਕਲਨ ਅਤੇ ਜਾਰੀ ਕਰਨਾ।
5. ਪਿੰਡਾਂ ਦੀ ਡਾਇਰੈਕਟਰੀ ਦਾ ਸੰਕਲਨ ਅਤੇ ਜਾਰੀ ਕਰਨਾ।
6. ਮਾਸਿਕ ਉਪਭੋਗਤਾ ਭਾਅ ਸੂਚਕਾਂਕ ਦਾ ਸੰਕਲਨ ਅਤੇ ਜਾਰੀ ਕਰਨਾ।
7. ਉਦਯੋਗਿਕ ਉਤਪਾਦਨ ਦੇ ਸੂਚਕਾਂਕ ਦਾ ਸੰਕਲਨ ਅਤੇ ਜਾਰੀ ਕਰਨਾ।
8. ਪੰਜਾਬ ਸਰਕਾਰ ਦੇ ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਨੂੰ ਇਕੱਤਰ ਕਰਨਾ ਅਤੇ ਜਾਰੀ ਕਰਨਾ।
9. ਪੰਜਾਬ ਦੇ ਮਿੰਉਸਪਲ ਅੰਕੜੇ ਸੰਗ੍ਰਹਿ ਅਤੇ ਜਾਰੀ ਕਰਨਾ।
10. ਬਿਲਡਿੰਗ ਕੰਨਸਟ੍ਰਕਸ਼ਨ ਕਾਸਟ ਇੰਡੈਕਸ (BCCI) ਦਾ ਸੰਗ੍ਰਹਿ ਅਤੇ ਜਾਰੀ ਕਰਨਾ।
11. ਰਾਸ਼ਟਰੀ ਨਮੂਨਾ ਸਰਵੇਖਣ ਦੇ ਡੈਟਾ ਦਾ ਸੰਗ੍ਰਹਿ ਅਤੇ ਜਾਰੀ ਕਰਨਾ।

**ਸ) ਲੰਬੇ ਸਮੇਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮੌਜੂਦਾ ਨੀਤੀਆਂ, ਭਵਿੱਖੀ ਨੀਤੀ ਸੁਧਾਰਾਂ ਅਤੇ ਵਿਸ਼ੇਸ਼ ਯੋਜਨਾਵਾਂ ਦਾ ਸਾਰ:**

- **ਉਦੇਸ਼**

  ਵੱਖ-ਵੱਖ ਸਮਾਜਿਕ-ਆਰਥਿਕ ਵਿਸ਼ਿਆਂ ਤੇ ਕੁਝ ਮੁੱਖ ਸੂਚਕਾਂ ਬਾਰੇ ਸਰਕਾਰ ਅਤੇ ਆਮ ਜਨਤਾ ਅਤੇ ਨੀਤੀ ਨਿਰਮਾਤਾਵਾਂ ਨੂੰ ਸਮੇਂ ਸਿਰ ਅਤੇ ਸਹੀ ਡੈਟਾ/ਅੰਕੜੇ ਪ੍ਰਦਾਨ ਕਰਨਾ।

- **ਸਮੱਗਰੀ**

  ਸਰਕਾਰੀ, ਗੈਰ-ਸਰਕਾਰੀ, ਨੀਤੀ ਨਿਰਮਾਤਾ ਅਤੇ ਹੋਰ ਸਟੇਕਹੋਲਡਰਜ਼ ਦੁਆਰਾ ਲੋੜੀਂਦੇ ਡਾਟਾ ਸੈੱਟ।

  ਰਾਜ ਅਤੇ ਕੇਂਦਰ ਸਰਕਾਰ ਦੇ ਵਲੋਂ ਅਧਿਐਨ ਅਤੇ ਸਰਵੇਖਣ।

- **ਡਿਲੀਵਰਏਬਲਜ ਸੂਚੀ**

  ਹੇਠਾਂ ਦਿੱਤੇ ਪ੍ਰਕਾਸ਼ਨਾਂ ਦੇ ਰੂਪ ਵਿਚ ਮਹਤੱਵਪੂਰਨ ਡੈਟਾ ਸੈੱਟ:

  - ਰਾਜ ਆਮਦਨ ਅਨੁਮਾਨ
  - ਰਾਜ ਅੰਕੜਾ ਸਾਰ
  - ਆਰਥਿਕ ਸਰਵੇਖਣ
  - ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ
  - ਪਿੰਡਾਂ ਦੀ ਡਾਇਰੈਕਟਰੀ
  - ਮਾਸਿਕ ਉਪਭੋਗਤਾ ਭਾਅ ਸੂਚਕਾਂਕ (CPI)
  - ਉਦਯੋਗਿਕ ਉਤਪਾਦਨ ਦੇ ਸੂਚਕਾਂਕ (IPP)
  - ਪੰਜਾਬ ਦੇ ਮਿੰਉਸਿਪਲ ਅੰਕੜੇ

ਹ) ਤੁਲਨਾਤਮਿਕ ਟੀਚੇ/ਚਾਲੂ ਸਾਲ ਅਤੇ ਪਿਛਲੇ ਦੋ ਸਾਲਾਂ ਦੇ ਪ੍ਰਦਰਸ਼ਨ

| ਲੜੀ ਨੰ: | ਪ੍ਰੋਗਰਾਮ /ਪ੍ਰੋਜੈਕਟ | ਚਾਲੂ ਸਾਲ (ਵਿੱਤੀ ਸਾਲ) 2017-18 | | ਪਿਛਲੇ ਸਾਲ ਦਾ (ਵਿੱਤੀ ਸਾਲ-1) 2016-17 | | ਦੂਸਰੇ ਪਿਛਲੇ ਸਾਲ ਦਾ (ਵਿੱਤੀ ਸਾਲ-2) 2015-16 | |
|---|---|---|---|---|---|---|---|
| | | ਟੀਚੇ | ਪ੍ਰਦਰਸ਼ਨ | ਟੀਚੇ | ਪ੍ਰਦਰਸ਼ਨ | ਟੀਚੇ | ਪ੍ਰਦਰਸ਼ਨ |
| 1 | ਰਾਜ ਆਮਦਨ | ਸਲਾਨਾ | 1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਕੁੱਲ ਅਤੇ ਨਿਰੋਲ ਰਾਜ ਘਰੇਲੂ ਆਮਦਨ ਅਨੁਮਾਨ ਨਵੇਂ ਅਧਾਰ ਸਾਲ 2011-12 ਤੇ ਸਥਿਰ ਅਤੇ ਚਾਲੂ ਕੀਮਤਾਂ ਤੇ ਸਾਲ 2015-16 (ਆਰਜੀ) ਅਤੇ 2016-17 (ਤੁਰੰਤ) ਅਤੇ 2017-18 ਲਈ ਅਗੇਤੇ ਅਨੁਮਾਨ ਤਿਆਰ ਕੀਤੇ ਗਏ।<br><br>2. ਜ਼ਿਲ੍ਹਾ-ਵਾਰ ਮੁੱਖ ਫਸਲਾਂ ਦੀ ਕਾਸਟ ਕਲਟੀਵੇਸ਼ਨ ਸਟੱਡੀ ਦੀ ਫਾਈਨਲ ਰਿਪੋਰਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪ੍ਰਾਪਤ ਹੋਣ ਉਪਰੰਤ ਖੇਤੀਬਾੜੀ ਵਿਭਾਗ, ਪੰਜਾਬ ਨੂੰ ਐਕਸਪਰਟ ਵਿਚਾਰਾਂ/ਟਿਪੱਣੀਆਂ ਲਈ ਭੇਜੀ ਗਈ।<br><br>3. ਪੰਜਾਬ ਵਿਚ ਰਜਿਸਟਰਡ/ਅਨਰਜਿਸਟਰਡ ਗੈਰ-ਸਰਕਾਰੀ ਸੰਸਥਾਂਵਾਂ ਦੇ ਸਰਵੇ ਦੀ ਫਾਈਨਲ ਰਿਪੋਰਟ ਇੰਸਟੀਟਿਊਟ ਫਾਰ ਡਿਵੈਲਪਮੈਂਟ ਅਤੇ ਕੰਮਯੂਨੀਕੇਸ਼ਨਜ਼ ਤੋਂ ਪ੍ਰਾਪਤ ਕਰਨ ਉਪਰੰਤ ਸਕਰੂਟਨੀ ਕਰਕੇ ਉਚੇਰੇ ਅਧਿਕਾਰੀਆਂ ਤੋਂ ਪ੍ਰਵਾਨ ਕਰਵਾਈ ਗਈ। | ਸਲਾਨਾ | 1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਕੁੱਲ ਅਤੇ ਨਿਰੋਲ ਰਾਜ ਘਰੇਲੂ ਆਮਦਨ ਅਨੁਮਾਨ ਨਵੇਂ ਅਧਾਰ ਸਾਲ 2011-12 ਤੇ ਸਥਿਰ ਅਤੇ ਚਾਲੂ ਕੀਮਤਾਂ ਤੇ ਸਾਲ 2014-15 (ਆਰਜੀ) ਅਤੇ 2015-16 (ਤੁਰੰਤ) ਅਤੇ 2016-17 ਲਈ ਅਗੇਤੇ ਅਨੁਮਾਨ ਤਿਆਰ ਕੀਤੇ ਗਏ।<br><br>2. ਜ਼ਿਲ੍ਹਾ-ਵਾਰ ਮੁੱਖ ਫਸਲਾਂ ਦੀ ਕਾਸਟ ਕਲਟੀਵੇਸ਼ਨ ਸਟੱਡੀ ਦੀ ਡਰਾਫਟ ਰਿਪੋਰਟ ਪ੍ਰਾਪਤ ਕਰਨ ਉਪਰੰਤ ਫਾਈਨਲ ਕਰਨ ਤੋਂ ਪਹਿਲਾਂ ਘੋਖਿਆ ਜਾ ਰਿਹਾ ਹੈ।<br><br>3. ਛੋਟੀਆਂ ਫਸਲਾਂ ਦੀ ਰਿਪੋਰਟ ਤਿਆਰ ਕੀਤੀ ਗਈ। | ਸਲਾਨਾ | 1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਕੁੱਲ ਅਤੇ ਨਿਰੋਲ ਰਾਜ ਘਰੇਲੂ ਆਮਦਨ ਅਨੁਮਾਨ ਨਵੇਂ ਅਧਾਰ ਸਾਲ 2011-12 ਤੇ ਸਥਿਰ ਅਤੇ ਚਾਲੂ ਕੀਮਤਾਂ ਤੇ ਸਾਲ 2011-12 ਤੋਂ ਸਾਲ 2013-14 ਤੱਕ ਦੇ ਤਿਆਰ ਕੀਤੇ ਗਏ। ਸਾਲ 2014-15 ਅਤੇ 2015-16 ਲਈ ਕੁੱਲ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੇ ਤੁਰੰਤ ਅਤੇ ਅਗੇਤੇ ਅਨੁਮਾਨ ਤਿਆਰ ਕੀਤੇ ਗਏ।<br><br>2. ਮੁੱਖ ਫਸਲਾਂ ਦੀ ਕਾਸਟ ਕਲਟੀਵੇਸ਼ਨ ਸਟੱਡੀ ਲਈ ਕੰਮ ਪ੍ਰਗਤੀ ਅਧੀਨ ਰਿਹਾ।<br><br>3. ਛੋਟੀਆਂ ਫਸਲਾਂ ਦੀ ਰਿਪੋਰਟ ਪ੍ਰਗਤੀ ਅਧੀਨ ਰਹੀ। |
| 2 | ਪੂੰਜੀ ਨਿਰਮਾਣ | ਸਲਾਨਾ | ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2011-12) ਸਾਲ 2015-16 ਤੱਕ ਤਿਆਰ ਕੀਤੇ ਗਏ। | ਸਲਾਨਾ | ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2011-12) ਸਾਲ 2011-12 ਤੋਂ 2014-15 ਤੱਕ ਤਿਆਰ ਕੀਤੇ ਗਏ। | ਸਲਾਨਾ | ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2004-05) ਤੇ ਸਾਲ 2004-05 ਤੋਂ 2013-14 ਤੱਕ ਤਿਆਰ ਕੀਤੇ ਗਏ। |

| | | | | | | | |
|---|---|---|---|---|---|---|---|
| 3 | ਉਦਯੋਗਿਕ ਅੰਕੜੇ | ਤਿਮਾਹੀ | ਅਧਾਰ ਸਾਲ 2011-12 ਤੇ ਸਾਲ 2012-13 ਤੋਂ ਸਾਲ 2016-17 (ਦੂਜੇ ਕੁਆਰਟਰ ਤੱਕ) 313 ਯੂਨਿਟਸ ਦਾ ਤਿਮਾਹੀ ਅਤੇ ਸਾਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ ਤਿਆਰ ਕੀਤਾ ਗਿਆ।<br>2. ਚੋਣਵੀਆਂ ਆਈਟਮਾਂ ਲਈ ਨਵੇਂ ਅਧਾਰ ਸਾਲ (2011-12=100) ਤੇ ਸਾਲ 2017-18 ਦੇ (ਪਹਿਲੇ 3 ਕੁਆਟਰਾਂ ਤੱਕ) ਦਾ ਤਿਮਾਹੀ/ ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ ਤਿਆਰ ਕੀਤਾ ਗਿਆ ਅਤੇ ਚੌਥੇ ਕੁਆਟਰ (31.3.18) ਦਾ ਕੰਮ ਪ੍ਰਗਤੀ ਅਧੀਨ ਰਿਹਾ। | ਤਿਮਾਹੀ | ਕੇਂਦਰੀ ਅੰਕੜਾ ਸੰਗਠਨ ਦੇ ਦਿਸ਼ਾ ਨਿਰਦੇਸ਼ਾਂ ਤੇ 179 ਚੋਣਵੀਆਂ ਆਈਟਮਾਂ ਲਈ ਨਵੇਂ ਅਧਾਰ ਸਾਲ (2011-12=100) ਤੇ ਸਾਲ 2012-13 ਤੋਂ 2016-17 ਲਈ ਤਿਮਾਹੀ/ ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ (IIP) ਪ੍ਰਗਤੀ ਅਧੀਨ ਰਿਹਾ। | ਤਿਮਾਹੀ | ਚੋਣਵੀਆਂ 115 ਆਈਟਮਾਂ ਲਈ ਅਧਾਰ ਸਾਲ(2004-05=100) ਤੇ ਸਾਲ 2014-15 ਲਈ ਤਿਮਾਹੀ/ ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ (IIP) ਤਿਆਰ ਕੀਤਾ ਗਿਆ। ਉਦਯੋਗਿਕ ਉਤਪਾਦਨ ਸੂਚਕ ਅੰਕ ਅਧਾਰ ਸਾਲ 2004-05 ਤੋਂ ਬਦਲ ਕੇ 2011-12 ਤਿਆਰ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। |
| 4 | ਲੋਕ ਵਿੱਤ | ਸਲਾਨਾ | 1. 'ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ' ਸਾਲ 2015-16 ਦੀ ਰਿਪੋਰਟ ਤਿਆਰ ਕੀਤੀ।<br>2. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ ਸਾਲ 2015-16 (ਲੇਖੇ), 2016-17 (ਸੋਧੇ) ਅਨੁਮਾਨ ਦਾ ਕੰਮ ਪ੍ਰਗਤੀ ਅਧੀਨ ਰਿਹਾ।<br>3. ਸਾਲ 2015-16 ਦੇ ਲੋਕਲ ਬਾਡੀਜ਼ ਅਕਾਊਂਟ ਤਿਆਰ ਕੀਤਾ ਗਿਆ। | ਸਲਾਨਾ | 1. 'ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ' ਸਾਲ 2014-15 ਦੀ ਰਿਪੋਰਟ ਤਿਆਰੀ ਅਧੀਨ ਰਹੀ।<br>2. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ ਸਾਲ 2015-16 ਤਿਆਰ ਕੀਤੀ ਗਈ।<br>3. ਸਾਲ 2014-15 ਦੇ ਲੋਕਲ ਬਾਡੀਜ਼ ਅਕਾਊਂਟ ਤਿਆਰ ਕੀਤਾ ਗਿਆ। | ਸਲਾਨਾ | 1. 'ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ' ਸਾਲ 2013-14 ਦੀ ਰਿਪੋਰਟ ਤਿਆਰ ਕੀਤੀ ਗਈ।<br>2. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ ਸਾਲ 2014-15 ਤਿਆਰ ਕੀਤੀ ਗਈ। |
| 5 | ਸੰਗ੍ਰਿਹ | ਬੱਜਟ ਡਾਕੂਮੈਂਟ<br>ਸਲਾਨਾ | 1. ਪੰਜਾਬ ਦਾ ਅੰਕੜਾ ਸਾਰ ਸਾਲ 2016 ਅਤੇ 2017 ਤਿਆਰ ਕੀਤਾ ਗਿਆ।<br>2. ਪੰਜਾਬ ਐਟ ਏ ਗਲਾਂਸ- ਜਿਲ੍ਹਾਵਾਰ ਸਾਲ 2015 ਅਤੇ 2016 ਤਿਆਰ ਕੀਤਾ ਗਿਆ।<br>3. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ<br>(i) 17 ਮੈਨੂਅਲਜ਼ ਦੀ ਸੂਚਨਾ 31.3.2017 ਮੁਤਾਬਕ ਅੱਪਡੇਟ ਕੀਤੀ।<br>(ii) ਸਾਲ 2017 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ | ਬੱਜਟ ਡਾਕੂਮੈਂਟ | 1. ਪੰਜਾਬ ਦਾ ਅੰਕੜਾ ਸਾਰ ਵਿੱਤੀ ਸਾਲ 2016-17 ਦੌਰਾਨ ਤਿਆਰ ਨਹੀਂ ਕੀਤਾ ਗਿਆ ਕਿਉਂਕਿ ਇਸ ਸਾਲ ਦੌਰਾਨ ਕੋਈ ਬੱਜਟ ਸੈਸ਼ਨ ਨਹੀਂ ਸੀ।<br>2. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ<br>(i) 17 ਮੈਨੂਅਲਜ਼ ਦੀ ਸੂਚਨਾ 31.3.2016 ਮੁਤਾਬਕ ਅੱਪਡੇਟ ਕੀਤੀ।<br>(ii) ਸਾਲ 2016 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ | ਬੱਜਟ ਡਾਕੂਮੈਂਟ<br>ਸਲਾਨਾ | 1. ਪੰਜਾਬ ਦਾ ਅੰਕੜਾ ਸਾਰ ਸਾਲ 2015 (ਬੱਜਟ ਡਾਕੂਮੈਂਟ) ਤਿਆਰ ਕੀਤਾ ਗਿਆ।<br>2. "ਪੰਜਾਬ ਦੀ ਜਨਸੰਖਿਆ ਦੇ ਅੰਕੜੇ" ਪਬਲੀਕੇਸ਼ਨ ਤਿਆਰ ਕੀਤੀ ਗਈ ਅਤੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਗਈ।<br>3. ਪੰਜਾਬ ਐਟ ਏ ਗਲਾਂਸ- ਜਿਲ੍ਹਾਵਾਰ ਸਾਲ 2014 ਤਿਆਰ ਕੀਤਾ ਗਿਆ।<br>4. ਰਾਈਟ ਟੂ ਇਨਫਰਮਸ਼ਨ ਐਕਟ-2005 ਅਧੀਨ |

| | | | | | | | |
|---|---|---|---|---|---|---|---|
| | | | ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸ਼ਨ ਨੂੰ ਭੇਜੀ ਗਈ।<br>(iii) ਸੂਚਨਾ ਦਾ ਅਧਿਕਾਰ ਸਬੰਧੀ ਮਿਤੀ 1.1.2017 ਤੋਂ 31.12.2017 ਤਕ 28 ਕੇਸਾਂ ਨੂੰ ਨਿਪਟਾਇਆ ਗਿਆ। | | ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸ਼ਨ ਨੂੰ ਭੇਜੀ ਗਈ।<br>(iii) ਸੂਚਨਾ ਦਾ ਅਧਿਕਾਰ ਸਬੰਧੀ ਮਿਤੀ 1.1.2016 ਤੋਂ 31.12.2016 ਤੱਕ 27 ਕੇਸਾਂ ਨੂੰ ਨਿਪਟਾਇਆ ਗਿਆ। | | (i) 17 ਮੈਨੂਅਲਜ਼ ਦੀ ਸੂਚਨਾ 31.3.2015 ਮੁਤਾਬਕ ਅੱਪਡੇਟ ਕੀਤੀ।<br>(ii) ਸਾਲ 2015 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਗਈ।<br>(iii) ਸੂਚਨਾ ਦਾ ਅਧਿਕਾਰ ਸਬੰਧੀ ਮਿਤੀ 1.1.2015 ਤੋਂ 31.12.2015 ਤਕ 40 ਕੇਸਾਂ ਨੂੰ ਨਿਪਟਾਇਆ ਗਿਆ। |
| 6 | ਕੀਮਤਾਂ | ਮਹੀਨਾ ਵਾਰ | 1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ ਲਈ ਇਨਡੈਕਸ ਮਹੀਨਾ ਫਰਵਰੀ, 2017 ਤੋਂ ਜਨਵਰੀ, 2018 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ।<br><br>2. ਓਪਰੇਸ਼ਨਵਾਈਜ/ ਜਿਲ੍ਹਾਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ ਸਟੇਟਮੈਂਟਸ ਮਹੀਨਾ ਮਾਰਚ, 2017 ਤੋਂ ਫਰਵਰੀ, 2018 ਤੱਕ ਲੋੜੀਂਦੀ ਸੂਚਨਾ ਤਿਆਰ ਕਰਕੇ ਖੇਤੀਬਾੜੀ ਵਿਭਾਗ ਨੂੰ ਭੇਜੀ ਗਈ ਤਾਂ ਜ਼ੋ ਭਾਰਤ ਸਰਕਾਰ ਨੂੰ ਅਗਲੇਰੀ ਕਾਰਵਾਈ ਲਈ ਭੇਜੀ ਜਾ ਸਕੇ।<br><br>3. ਜਿਲ੍ਹਾਵਾਰ 22 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਸਬੰਧੀ ਅਪ੍ਰੈਲ 2017 ਤੋਂ ਮਾਰਚ, 2018 ਤੱਕ ਹਫਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਗਈ। | ਮਹੀਨਾ ਵਾਰ | 1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ ਲਈ ਇਨਡੈਕਸ ਮਹੀਨਾ ਫਰਵਰੀ, 2016 ਤੋਂ ਜਨਵਰੀ, 2017 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ।<br><br>2. ਓਪਰੇਸ਼ਨਵਾਈਜ/ ਜਿਲ੍ਹਾਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ ਸਟੇਟਮੈਂਟਸ ਮਹੀਨਾ ਮਾਰਚ, 2016 ਤੋਂ ਫਰਵਰੀ, 2017 ਤੱਕ ਲੋੜੀਂਦੀ ਸੂਚਨਾ ਤਿਆਰ ਕਰਕੇ ਖੇਤੀਬਾੜੀ ਵਿਭਾਗ ਨੂੰ ਭੇਜੀ ਗਈ ਤਾਂ ਜ਼ੋ ਭਾਰਤ ਸਰਕਾਰ ਨੂੰ ਅਗਲੇਰੀ ਕਾਰਵਾਈ ਲਈ ਭੇਜੀ ਜਾ ਸਕੇ।<br><br>3. ਜਿਲ੍ਹਾਵਾਰ 22 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਸਬੰਧੀ ਅਪ੍ਰੈਲ 2016 ਤੋਂ ਮਾਰਚ, 2017 ਤੱਕ ਹਫਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਗਈ। | ਮਹੀਨਾ ਵਾਰ | 1.1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ ਲਈ ਇਨਡੈਕਸ ਮਹੀਨਾ ਮਾਰਚ, 2015 ਤੋਂ ਫਰਵਰੀ, 2016 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ।<br><br>2. ਓਪਰੇਸ਼ਨਵਾਈਜ/ ਜਿਲ੍ਹਾਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ ਸਟੇਟਮੈਂਟਸ ਮਹੀਨਾ ਮਾਰਚ, 2015 ਤੋਂ ਫਰਵਰੀ, 2016 ਤੱਕ ਤਿਆਰ ਕੀਤੀ ਗਈ।<br><br>3. ਜਿਲ੍ਹਾਵਾਰ 22 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਸਬੰਧੀ ਅਪ੍ਰੈਲ 2015 ਤੋਂ ਮਾਰਚ, 2016 ਤੱਕ ਹਫਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਗਈ। |
| | ਪ੍ਰਧਾਨ ਮੰਤਰੀ ਆਵਾਸ ਯੋਜਨਾ (ਅਰਬਨ ) ਊਸਾ ਸਕੀਮ ਵਜੋਂ ਜਾਣਿਆ ਜਾਂਦਾ ਹੈ। | ਸਲਾਨਾ | ਸਾਲ 2017 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ (ਆਧਾਰ ਸਾਲ 1999-2000)ਤਿਆਰ ਕੀਤਾ ਗਿਆ<br>ਅ) HSUI ਦੇ ਅਧੀਨ 9 ਜਿਲ੍ਹਿਆਂ ਦਾ EWS/LIG ਮਕਾਨਾਂ ਦਾ ਸਾਲ 2014-15 ਦਾ ਡੈਟਾ ਇਕੱਤਰ ਕਰਕੇ ਸੰਕਲਨ ਕੀਤਾ ਗਿਆ। | ਸਲਾਨਾ | ਸਾਲ 2016 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ (ਆਧਾਰ ਸਾਲ 1999-2000) ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ। | ਸਲਾਨਾ | ਸਾਲ 2015 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ (ਆਧਾਰ ਸਾਲ 1999-2000) ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ। |

| | | | | | | | | |
|---|---|---|---|---|---|---|---|---|
| 7 | ਫੀਲਡ ਓਪਰੇਸ਼ਨ | ਸਲਾਨਾ | 1. (i) ਪਿੰਡਾਂ ਦੀ ਡਾਇਰੈਕਟਰੀ ਸਾਲ 2015-16 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ PDF ਫਾਰਮੈਟ ਵਿੱਚ ਤਿਆਰ ਕੀਤੀ ਗਈ।<br>(ii) ਪਿੰਡਾਂ ਦੀ ਡਾਇਰੈਕਟਰੀ ਸਾਲ 2016-17 ਦੇ 6 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕੀਤੀ ਗਈ।<br><br>2. ਬਲਾਕ ਐਟ ਏ ਗਲਾਂਸ ਸਾਲ 2015-16 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ ਫਾਰਮੈਟ ਵਿਚ ਤਿਆਰ ਕੀਤੀ ਗਈ।<br><br>3. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2014-15 ਤਿਆਰ ਕੀਤੇ ਗਏ। | ਸਲਾਨਾ | 1. (i) ਪਿੰਡਾਂ ਦੀ ਡਾਇਰੈਕਟਰੀ ਸਾਲ 2014-15 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ PDF ਫਾਰਮੈਟ ਵਿੱਚ ਤਿਆਰ ਕੀਤੀ ਗਈ।<br>(ii) ਪਿੰਡਾਂ ਦੀ ਡਾਇਰੈਕਟਰੀ ਸਾਲ 2015-16 ਦੇ 6 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕੀਤੀ ਗਈ।<br><br>2. ਬਲਾਕ ਐਟ ਏ ਗਲਾਂਸ ਸਾਲ 2014-15 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ ਫਾਰਮੈਟ ਵਿਚ ਤਿਆਰ ਕੀਤੀ ਗਈ।<br><br>3. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2013-14 ਤਿਆਰ ਕੀਤੇ ਗਏ। | ਸਲਾਨਾ | 1. (i) ਪਿੰਡਾਂ ਦੀ ਡਾਇਰੈਕਟਰੀ ਸਾਲ 2013-14 PDF ਫਾਰਮੈਟ ਵਿਚ ਤਿਆਰ ਕੀਤੀ ਗਈ।<br>(ii) ਪਿੰਡਾਂ ਦੀ ਡਾਇਰੈਕਟਰੀ ਸਾਲ 2014-15 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕੀਤੀ ਗਈ।<br><br>2. ਬਲਾਕ ਐਟ ਏ ਗਲਾਂਸ ਸਾਲ 2013-14 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ ਫਾਰਮੈਟ ਵਿਚ ਤਿਆਰ ਕੀਤੀ ਗਈ।<br><br>3. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2012-13 ਤਿਆਰ ਕੀਤੇ ਗਏ। |
| 8 | ਡੈਮੋਗਰਾਫੀ ਅਤੇ ਹਾਊਸਿੰਗ | ਸਲਾਨਾ | 1. ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਰਿਪੋਰਟ ਬਾਬਤ 31-3-2016 ਤਿਆਰ ਕੀਤੀ ਗਈ ਅਤੇ 31.3.17 ਪ੍ਰਗਤੀ ਅਧੀਨ ਰਹੀ।<br><br>2.ਨਗਰਪਾਲਿਕਾ ਅੰਕੜਾ ਪੁਸਤਕ ਸਾਲ 2016-17 ਪ੍ਰਗਤੀ ਅਧੀਨ ਰਹੀ।<br><br>3. ਸਾਲ 2017 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ।<br><br>4. ਇਨਫਰਾਸਟਰੱਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2015 ਤਿਆਰ ਕੀਤੀ ਗਈ। | ਸਲਾਨਾ | 1. ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਰਿਪੋਰਟ ਬਾਬਤ 31-3-2015 ਤਿਆਰ ਕੀਤੀ ਗਈ ਅਤੇ 31.3.16 ਪ੍ਰਗਤੀ ਅਧੀਨ ਰਹੀ।<br><br>2. ਨਗਰਪਾਲਿਕਾ ਅੰਕੜਾ ਪੁਸਤਕ ਸਾਲ 2015-16 ਤਿਆਰ ਕੀਤੀ ਗਈ।<br><br>3.ਸਾਲ 2016 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ।<br><br>4. ਇਨਫਰਾਸਟਰੱਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2014 ਤਿਆਰ ਕੀਤੀ ਗਈ। | ਸਲਾਨਾ | 1. ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਰਿਪੋਰਟ ਬਾਬਤ 31-3-2015 ਪ੍ਰਗਤੀ ਅਧੀਨ ਰਹੀ ਕਿਉਂਕਿ ਇਸ ਕੰਮ ਲਈ ਐਨ.ਆਈ.ਸੀ ਵਲੋਂ ਨਵਾਂ ਸਾਫਟਵੇਅਰ ਤਿਆਰ ਕੀਤਾ ਜਾ ਰਿਹਾ ਸੀ।<br><br>2. ਨਗਰਪਾਲਿਕਾ ਅੰਕੜਾ ਪੁਸਤਕ ਸਾਲ 2013-14 ਅਤੇ 2014-15 ਤਿਆਰ ਕੀਤੀਆਂ ਗਈਆਂ।<br><br>3. ਸਾਲ 2015 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ।<br><br>4. ਇਨਫਰਾਸਟਰੱਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2013 ਤਿਆਰ ਕੀਤੀ ਗਈ। |

| | | | | | | | |
|---|---|---|---|---|---|---|---|
| 9 | ਸਿੰਜਾਈ | ਸਲਾਨਾ | ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2015-16 ਦੀ ਰਿਪੋਰਟ ਤਿਆਰ ਕੀਤੀ ਗਈ। | ਸਲਾਨਾ | ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2014-15 ਦੀ ਰਿਪੋਰਟ ਤਿਆਰ ਕੀਤੀ ਗਈ | ਸਲਾਨਾ | ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2013-14 ਦੀ ਰਿਪੋਰਟ ਤਿਆਰ ਕੀਤੀ ਗਈ |
| 10 | ਰਾਸ਼ਟਰੀ ਨਮੂਨਾ ਸਰਵੇਖਣ | 74ਵਾਂ ਦੌਰ ਜੁਲਾਈ,2016-ਜੂਨ,2017 (ਅਪ੍ਰੈਲ, 2017 -ਜੂਨ, 2017) | 1. ਰਨਸ ਦੇ 74ਵੇਂ ਦੌਰ (ਸਰਵਿਸ ਸੈਕਟਰ) ਦੇ ਸਰਵੇਖਣ ਲਈ ਮਨਿਸਟਰੀ ਆਫ ਕਾਰਪੋਰੇਟ ਅਫੈਅਰਜ਼ ਦੇ 1032 ਯੁਨਿਟਾਂ ਵਿਚੋਂ ਰਹਿੰਦੀ ਸੂਚਨਾ ਅਤੇ ਆਰਥਿਕ ਗਣਨਾ ਅਤੇ ਬਿਜਨਸ ਰਜਿਸਟਰ ਦੇ 690 ਯੂਨਿਟਾਂ ਦੀ ਸੂਚਨਾ ਇਕੱਤਰ ਕੀਤੀ ਗਈ।<br><br>2. ਰਨਸ ਦੇ 75ਵੇਂ ਦੌਰ ਦੇ ਖੇਤਰੀ ਸਰਵੇਖਣ ਲਈ ਅਲਾਟ ਕੀਤੇ 436 ਸੈਂਪਲਾਂ ਵਿਚੋਂ 327 (165 ਪੇਂਡੂ ਅਤੇ 162 ਸ਼ਹਿਰੀ) ਦੇ ਪਹਿਲੇ 3 ਸਬ ਦੌਰ ਦਾ ਸਰਵੇਖਣ ਕੀਤਾ ਗਿਆ।<br><br>3. ਰੀਜ਼ਨਲ ਦਫਤਰ, ਮੁਹਾਲੀ ਅਤੇ ਜਲੰਧਰ ਵਲੋਂ ਭਾਰਤ ਸਰਕਾਰ ਦੇ ਰਨਸ ਅਫਸਰਾਂ/ਅਧਿਕਾਰੀਆਂ ਅਤੇ DES Punjab ਵਲੋਂ ਸਾਲ ਦੌਰਾਨ 6 ਸਟੇਟ ਸੈਂਪਲ ਅਤੇ 6 ਕੇਂਦਰੀ ਸੈਂਪਲਾਂ ਦੀ ਜੁਆਇੰਟ ਇੰਨਸਪੈਕਸ਼ਨ ਕੀਤੀ ਗਈ। | 73ਵਾਂ ਦੌਰ ਜੁਲਾਈ,2015-ਜੂਨ,2016(ਅਪ੍ਰੈਲ, 2016 -ਜੂਨ, 2016) | 1. ਰਨਸ ਦੇ 73ਵੇਂ ਦੌਰ ਦੇ ਚੌਥੇ ਸਬ ਦੌਰ ਦਾ ਖੇਤਰੀ ਸਰਵੇਖਣ 1 ਅਪ੍ਰੈਲ, 2016 ਤੋ 30 ਜੂਨ, 2016 ਤੱਕ ਕੰਮ ਮੁਕੰਮਲ ਕੀਤਾ ਗਿਆ। ਇਸ ਸਮੇਂ ਦੌਰਾਨ 115 ਸੈਂਪਲਾਂ (56 ਪੇਂਡੂ ਅਤੇ 59 ਸ਼ਹਿਰੀ) ਦਾ ਸਰਵੇਖਣ ਕੀਤਾ ਗਿਆ।<br><br>2. ਰਨਸ 74ਵੇਂ ਦੌਰ ਦੇ ਪਹਿਲੇ ਫੇਜ਼ ਦੇ ਸੁਰੂਆਤੀ ਤਿੰਨ ਮਹੀਨੇ (ਜੁਲਾਈ-ਸਤੰਬਰ, 2016) ਤੱਕ 6ਵੀਂ ਆਰਥਿਕ ਗਣਨਾਂ ਅਤੇ ਬਿਜਨਸ ਰਜਿਸਟਰ ਦੇ 10228 ਯੂਨਿਟਾਂ ਦੀ ਲਿਸਟ ਫਰੇਮ ਦੀ ਵੈਰੀਫਿਕੇਸ਼ਨ/ ਅਪਡੇਸ਼ਨ ਕੀਤੀ ਗਈ।ਫੇਜ਼-2 ਅਧੀਨ ਮਨਿਸਟਰੀ ਆਫ ਕਾਰਪੋਰੇਟ ਅਫੈਅਰਜ਼ ਦੇ 1032 ਯੂਨਿਟਾਂ ਨੂੰ ਸ਼ਡਿਊਲ 2.35 ਵਿੱਚ ਲੋੜੀਂਦੀ ਸੂਚਨਾ ਭਰਨ ਲਈ ਨੋਟਿਸ ਜਾਰੀ ਕੀਤੇ ਗਏ। 31 ਮਾਰਚ 2017 ਤੱਕ 731 ਯੂਨਿਟਾਂ ਦੀ ਸੂਚਨਾਂ ਮੁਕੰਮਲ ਕੀਤੀ ਗਈ।ਇਸ ਤੋਂ ਇਲਾਵਾ 690 ਆਰਥਿਕ ਗਣਨਾ ਅਤੇ ਬਿਜਨਸ ਰਜਿਸਟਰ ਯੂਨਿਟਾਂ ਦੀ ਲੋੜੀਂਦੀ ਸੂਚਨਾ ਦੇ 2.35 ਸ਼ਡਿਊਲ ਵਿਚ ਭਰਨ ਲਈ ਨੋਟਿਸ ਜਾਰੀ ਕੀਤੇ ਗਏ। | 72ਵਾਂ ਦੌਰ ਜੁਲਾਈ,2014-ਜੂਨ,2015(ਅਪ੍ਰੈਲ,2015-ਜੂਨ,2015) | 1. ਰਨਸ ਦੇ 72ਵੇਂ ਦੌਰ ਦੇ ਚੌਥੇ ਸਬ ਦੌਰ ਦਾ ਖੇਤਰੀ ਸਰਵੇਖਣ ਦਾ ਕੰਮ ਪਹਿਲੀ ਅਪ੍ਰੈਲ, 2015 ਤੋਂ 30 ਜੂਨ, 2015 ਤੱਕ ਮੁਕੰਮਲ ਕੀਤਾ ਗਿਆ।ਅਲਾਟ ਕੀਤੇ 107 ਸੈਂਪਲਾਂ (ਪੇਂਡੂ 52 ਅਤੇ ਸ਼ਹਿਰੀ 55) ਦੇ 1177 ਸ਼ਡਿਊਲ ਭਰੇ ਗਏ।<br><br>2. ਰਨਸ ਦੇ 73ਵੇਂ ਦੌਰ ਦੇ ਪਹਿਲੇ ਅਤੇ ਦੂਜੇ ਸਬ ਦੌਰ ਦੇ 230 ਸੈਂਪਲਾਂ ਲਈ (112 ਪੇਂਡੂ ਅਤੇ 118 ਸ਼ਹਿਰੀ) ਖੇਤਰੀ ਸਰਵੇਖਣ ਦਾ ਕੰਮ 1 ਜੁਲਾਈ ਤੋਂ 31 ਦਸਬੰਰ, 2015 ਤੱਕ ਮਕੁੰਮਲ ਕੀਤਾ ਗਿਆ।1 ਜਨਵਰੀ ਤੋਂ 31 ਮਾਰਚ, 2016 ਤੱਕ ਰਨਸ ਦੇ 73ਵੇਂ ਦੌਰ ਦੇ ਤੀਜੇ ਸਬ ਦੌਰ ਲਈ ਕੁੱਲ 115 ਸੈਂਪਲਾਂ (59 ਸ਼ਹਿਰੀ+56 ਪੇਂਡੂ) ਦਾ ਖੇਤਰੀ ਸਰਵੇਖਣ ਕੀਤਾ ਗਿਆ। |
| 11 | ਟੈਬੂਲੇਸ਼ਨ | ਕੋਈ ਟੀਚਾ ਨਹੀਂ | 1. ਰਨਸ ਦੇ 73ਵੇਂ ਦੌਰ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ। ਰਨਸ ਦੇ 74ਵੇਂ ਦੌਰ ਦੀ ਡਾਟਾ ਐਂਟਰੀ ਪ੍ਰਗਤੀ ਅਧੀਨ ਰਹੀ।<br>2. ਰਨਸ ਦੇ 68ਵੇਂ ਦੌਰ ਦੀ ਕੇਂਦਰੀ/ਰਾਜ ਸਰਕਾਰ ਡਾਟਾ ਪੂਲਿੰਗ ਦੀ ਰਿਪੋਰਟ expert comments ਲਈ ਭੇਜੀ ਗਈ। | ਕੋਈ ਟੀਚਾ ਨਹੀਂ | 1. ਰਨਸ ਦੇ 71ਵੇਂ ਦੌਰ ਦੇ 192 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਅਤੇ 72ਵੇਂ ਦੌਰ ਦੇ 428 ਸੈਂਪਲਾਂ ਦੀ ਅਤੇ 73ਵੇਂ ਦੌਰ ਦੇ 460 ਸੈਂਪਲਾਂ ਵਿਚੋ ਰਹਿੰਦੇ 200 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਮੁਕੰਮਲ ਕੀਤੀ ਗਈ | ਕੋਈ ਟੀਚਾ ਨਹੀਂ | 1. ਰਨਸ ਦੇ 68ਵੇਂ ਦੌਰ ਦੇ 392 ਸੈਂਪਲਾਂ ਵਿਚੋਂ 200 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।70ਵੇਂ ਦੌਰ ਦੇ ਪਹਿਲੇ ਫੇਜ਼ ਦੇ 120 ਸੈਂਪਲਾਂ ਦੀ ਅਤੇ 71ਵੇਂ ਦੌਰ ਦੇ 64 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।<br>2. ਰਨਸ ਦੇ 69ਵੇਂ ਦੌਰ ਲਈ ਡਰਿੰਕਿੰਗ ਵਾਟਰ, |

| | | | | | | | |
|---|---|---|---|---|---|---|---|
| | | | 3. ਰਨਸ ਦੇ 69ਵੇਂ ਦੌਰ ਦੀ ਕੇਂਦਰੀ/ਰਾਜ ਦੇ ਡਰਿੰਕਿੰਗ ਵਾਟਰ, ਸੈਨੀਟੇਸ਼ਨ, ਹਾਊਸਿੰਗ ਕੰਡੀਸ਼ਨ ਦੀ ਰਿਪੋਰਟ ਤਿਆਰੀ ਅਧੀਨ ਰਹੀ।<br>4. ਰਨਸ ਦੇ 71ਵੇਂ ਦੌਰ ਦੀ ਸੋਸ਼ਲ ਕੰਨਜਪਸ਼ਨ ਹੈਲਥ ਦੀ ਰਿਪੋਰਟ ਤਿਆਰੀ ਅਧੀਨ ਰਹੀ। | | | | ਸੈਨੀਟੇਸ਼ਨ, ਹਾਊਸਿੰਗ ਕੰਡੀਸ਼ਨ ਦੀ ਰਿਪੋਰਟ ਤਿਆਰ ਕੀਤੀ ਗਈ ।<br>3. ਰਨਸ ਦੇ 67ਵੇਂ ਦੌਰ ਦੀ ਕੇਂਦਰੀ/ਰਾਜ ਸਰਕਾਰ ਡਾਟਾ ਪੂਲਿੰਗ ਦੀ ਰਿਪੋਰਟ ਤਿਆਰ ਕੀਤੀ ਗਈ। |
| 12 | ਆਰਥਿਕ ਗਣਨਾ | ਕੋਈ ਟੀਚਾ ਨਹੀਂ | 7ਵੀਂ ਆਰਥਿਕ ਗਣਨਾ ਤੇ ਮੁੱਢਲੀ ਮੀਟਿੰਗ ਅਟੈਂਡ ਕੀਤੀ ਗਈ ਅਤੇ ਸ਼ੁਰੂਆਤੀ ਕੰਮ ਹੱਥ ਵਿਚ ਲਿਆ ਗਿਆ | ਕੋਈ ਟੀਚਾ ਨਹੀਂ | ਸਾਲ 2016-17 ਦੌਰਾਨ ਆਰਥਿਕ ਗਣਨਾ ਦੀ ਫਾਈਨਲ ਰਿਪੋਰਟ ਪਬਲਿਸ਼ ਕੀਤੀ ਗਈ | ਕੋਈ ਟੀਚਾ ਨਹੀਂ | ਮੌਸਪੀ, ਭਾਰਤ ਸਰਕਾਰ ਵਲੋਂ ਸਾਲ 2015-16 ਦੌਰਾਨ ਵਿਸਤਰਿਤ ਸਾਰਣੀਆਂ ਪ੍ਰਾਪਤ ਹੋਈਆਂ ਅਤੇ ਰਿਪੋਰਟ ਫਾਈਨਲ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ। |
| 13 | 20 ਨੁਕਾਤੀ ਪ੍ਰੋਗਰਾਮ | ਤਿਮਾਹੀ | 1. 20 ਨੁਕਾਤੀ ਪ੍ਰੋਗਰਾਮਾਂ ਦੀ ਸਾਲ 2017-18 ਲਈ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਨ ਉਪਰੰਤ ਸਕਰੂਟਨੀ ਕਰਕੇ ਤਿਆਰ ਕੀਤੀ ਗਈ ਅਤੇ ਮਨਿਸਟਰੀ ਆਫ ਸਟੈਟਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਗਈ।<br><br>2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2017-18 (ਅਪ੍ਰੈਲ ਤੋ ਦਸੰਬਰ, 2017) ਲਈ ਮਹੀਨਾ/ਤਿਮਾਹੀਵਾਰ ਸਟੇਟਮੈਂਟ ਜਿਸ ਵਿਚ ਭੌਤਿਕ ਟੀਚੇ ਅਤੇ ਪ੍ਰਾਪਤੀਆਂ ਸ਼ਾਮਲ ਹਨ, ਤਿਆਰ ਕਰਕੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਗਈ। | ਤਿਮਾਹੀ | 1. 20 ਨੁਕਾਤੀ ਪ੍ਰੋਗਰਾਮਾਂ ਦੀ ਸਾਲ 2016-17 ਲਈ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਕੇ ਤਿਆਰ ਕੀਤੀ ਗਈ ਅਤੇ ਮਨਿਸਟਰੀ ਆਫ ਸਟੈਟਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਗਈ।<br><br>2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2016-17 (ਅਪ੍ਰੈਲ ਤੋ ਦਸੰਬਰ,2016) ਲਈ ਮਹੀਨਾ/ਤਿਮਾਹੀਵਾਰ ਸਟੇਟਮੈਂਟ ਜਿਸ ਵਿਚ ਵਿੱਤੀ ਅਤੇ ਭੌਤਿਕ ਟੀਚੇ ਅਤੇ ਪ੍ਰਾਪਤੀਆਂ ਸ਼ਾਮਲ ਹਨ, ਤਿਆਰ ਕੀਤੀ ਗਈ। | ਤਿਮਾਹੀ | 1. ਸਾਲ 2015-16 ਲਈ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਕੇ ਤਿਆਰ ਕੀਤੀ ਗਈ ਅਤੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਗਈ।<br><br>2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2015-16 (ਅਪ੍ਰੈਲ ਤੋ ਦਸੰਬਰ, 2015) ਲਈ ਮਹੀਨਾ/ਤਿਮਾਹੀਵਾਰ ਸਟੇਟਮੈਂਟ ਜਿਸ ਵਿਚ ਵਿੱਤੀ ਅਤੇ ਭੌਤਿਕ ਟੀਚੇ ਅਤੇ ਪ੍ਰਾਪਤੀਆਂ ਸ਼ਾਮਲ ਹਨ, ਤਿਆਰ ਕੀਤੀ ਗਈ। |
| 14 | ਐਮ.ਪੀ. ਲੈਡਜ਼ | ਟੀਚਾ ਨਿਰਧਾਰਤ ਨਹੀਂ | 1. ਕੁੱਲ 35 ਕਿਸ਼ਤਾਂ (24 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 11 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 87.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਸਾਲ 2017-18 ਲਈ ਜਾਰੀ ਕਰਵਾਈ ਗਈ।<br><br>2. ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ | | 1. ਕੁੱਲ 43 ਕਿਸ਼ਤਾਂ (28 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 15 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 107.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਜਾਰੀ ਕਰਵਾਈ ਗਈ।<br><br>2. ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ | | 1. ਕੁੱਲ 21 ਕਿਸ਼ਤਾਂ (15 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 6 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 52.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਜਾਰੀ ਕਰਵਾਈ ਗਈ।<br><br>2. ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ |

| | | | | | | | |
|---|---|---|---|---|---|---|---|
| | | | ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ। | | ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ। | | ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ। |
| 15 | **ਆਰਥਿਕ ਸਰਵੇਖਣ** | | ਪੰਜਾਬ ਦਾ ਆਰਥਿਕ ਸਰਵੇਖਣ (ਬੱਜਟ ਡਾਕੂਮੈਂਟ) ਸਾਲ 2016-17 ਅਤੇ 2017-18 ਤਿਆਰ ਕਰਕੇ ਪ੍ਰਿੰਟ ਕਰਵਾਇਆ ਗਿਆ। | | ਪੰਜਾਬ ਦਾ ਆਰਥਿਕ ਸਰਵੇਖਣ ਵਿੱਤੀ ਸਾਲ 2016-17 ਦੌਰਾਨ ਤਿਆਰ ਨਹੀਂ ਕੀਤਾ ਗਿਆ ਕਿਉਂਕਿ ਇਸ ਸਾਲ ਦੌਰਾਨ ਕੋਈ ਬੱਜਟ ਸੈਸ਼ਨ ਨਹੀਂ ਸੀ। | | ਪੰਜਾਬ ਦਾ ਆਰਥਿਕ ਸਰਵੇਖਣ (ਬੱਜਟ ਡਾਕੂਮੈਂਟ) ਸਾਲ 2014-15 ਲਈ ਤਿਆਰ ਕੀਤਾ ਗਿਆ। |
| 16 | **ਸਪੋਰਟ ਫਾਰ ਸਟੈਟਿਸਟਿਕਲ ਸਟਰੈਥਨਿੰਗ ਸਕੀਮ** | | ਸਪੋਰਟ ਫਾਰ ਸਟੈਟਿਸਟਿਕਲ ਸਟਰੈਥਨਿੰਗ ਸਕੀਮ ਰਾਜਾਂ ਦੇ ਅੰਕੜਾਤਮਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਕੇਂਦਰੀ ਪ੍ਰਯੋਜਿਤ ਸਕੀਮ ਹੈ। ਇਸ ਅਧੀਨ 19.39 ਕਰੋੜ ਰੁਪਏ ਪ੍ਰਾਪਤ ਹੋਣ ਦੀ ਉਮੀਦ ਹੈ। ਸਾਲ 2017-18 ਦੌਰਾਨ ਸਪੋਰਟ ਫਾਰ ਸਟੈਟਿਸਟਿਕਲ ਸਟਰੈਥਨਿੰਗ ਸਕੀਮ ਨੂੰ ਤਿਆਰ ਕਰਨ ਦਾ ਕੰਮ ਚਾਲੂ ਰਿਹਾ। ਸਪੋਰਟ ਫਾਰ ਸਟੈਟਿਸਟਿਕਲ ਸਟਰੈਥਨਿੰਗ ਸਕੀਮ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਮੌਸਪੀ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ। | | | | |
| 17 | **ਜੀ.ਆਈ.ਐਸ.** | | (i) ਸੇਵਾ ਕੇਂਦਰਾਂ, ਐਨੀਮਲ ਹਸਬੈਂਡਰੀ, ਐਮ.ਪੀ.ਲੈਡ (5 ਜ਼ਿਲ੍ਹੇ), ਮਗਨਰੇਗਾ (5 ਜ਼ਿਲ੍ਹੇ) ਅਤੇ ਕਨਾਲ ਦੇ ਜੀ.ਆਈ.ਐਸ. ਦੇ ਡਾਟਾ ਬੇਸ ਦਾ ਕੰਮ ਅੰਤਿਮ ਕੀਤਾ ਗਿਆ।<br><br>(ii) ਸਿੱਖਿਆ, ਸਿਹਤ, ਸਿੰਚਾਈ ਅਤੇ ਐਨੀਮਲ ਹਸਬੈਂਡਰੀ ਦੇ ਵੈਬ ਜੀ.ਆਈ.ਐਸ. ਤਿਆਰ ਕਰਨ ਦਾ ਕੰਮ ਪ੍ਰਗਤੀ ਅਧੀਨ ਰਿਹਾ। | | (i) ਸਕੂਲਜ਼, ਸੁਆਇਲ ਫਰਟਿਲਟੀ, ਹੈਲਥ, ਐਮ.ਪੀ.ਲੈਡ (10 ਜ਼ਿਲ੍ਹੇ), ਮਗਨਰੇਗਾ (10 ਜ਼ਿਲ੍ਹੇ) ਅਤੇ ਵਾਟਰ ਰਿਸੋਰਸਿਜ਼ ਦੇ ਜੀ.ਆਈ.ਐਸ. ਦੇ ਡਾਟਾ ਬੇਸ ਦਾ ਕੰਮ ਅੰਤਿਮ ਕੀਤਾ ਗਿਆ।<br><br>(ii) ਸਕੂਲਜ਼, ਟੈਕਨੀਕਲ ਐਜੂਕੇਸ਼ਨ, ਕਾਲਿਜਸ ਅਤੇ ਐਨੀਮਲ ਹਸਬੈਂਡਰੀ ਦੇ ਡੈਸਕਟੋਪ ਜੀ.ਆਈ.ਐਸ.ਤਿਆਰ ਕੀਤੇ ਗਏ ਅਤੇ ਵਿਭਾਗਾਂ ਨੂੰ ਦਿੱਤੇ ਗਏ। | | ਕੁਝ ਥੀਮਜ਼ ਜਿਵੇਂ ਕਿ ਸੈਂਸਿਜ਼, ਟੂਰਿਜਮ, ਕੈਨਾਲ, ਐਨੀਮਲ ਹਸਬੱਡਰੀ ਅਤੇ ਟੈਕਨੀਕਲ ਐਜੂਕੇਸ਼ਨ ਦੇ ਜੀ.ਆਈ.ਐਸ. ਡਾਟਾ ਬੇਸ ਦਾ ਕੰਮ ਮੁਕੰਮਲ ਕੀਤਾ ਗਿਆ ਅਤੇ ਹੋਰ ਥੀਮਜ਼ ਦੇ ਜੀ.ਆਈ.ਐਸ. ਦੇ ਡਾਟਾ ਬੇਸ ਦਾ ਕੰਮ ਪ੍ਰਗਤੀ ਅਧੀਨ ਰਿਹਾ। |

4. ਸੰਸਥਾਗਤ ਸਵੋਟ ਵਿਸ਼ਲੇਸ਼ਣ

- ਸਮਰਥਾਵਾਂ:

ਰਾਜ ਵਿਚ ਬਲਾਕ ਪੱਧਰ ਤੱਕ ਅੰਕੜਾਤਮਕ ਮਸ਼ੀਨਰੀ ਉਪਲਬੱਧ ਹੈ ਜ਼ੋ ਮਹਤੱਵਪੂਰਨ ਸਮਾਜਿਕ-ਆਰਥਿਕ ਸੂਚਕਾਂ ਤੇ ਹੇਠਲੇ ਪੱਧਰ ਦਾ ਡੈਟਾ ਇਕੱਤਰ ਕਰਨ ਦੀ ਪਹੁੰਚ ਯਕੀਨੀ ਬਣਾਉਂਦਾ ਹੈ।

- ਕਮਜੋਰੀਆਂ

ਨਵੀਨਤਾ ਇਨਫਰਮੇਸ਼ਨ ਟੈਕਨੋਲੋਜੀ ਅਤੇ ਮੈਥਾਡੋਲੋਜੀ ਨੂੰ ਅਪਨਾਉਣ ਦੀ ਰਫਤਾਰ ਘੱਟ ਹੋਣੀ ਅਤੇ ਇਸ ਲਈ ਸਹਾਇਕ ਆਈ.ਟੀ. ਬੁਨਿਆਦੀ ਢਾਂਚੇ ਦਾ ਜ਼ਰੂਰਤ ਤੋਂ ਘੱਟ ਹੋਣਾ।

- ਮੌਕੇ

ਵੱਖ-ਵੱਖ ਅੰਕੜਾਤਮਕ ਗਤੀਵਿਧੀਆਂ ਵਿਚ ਸੀ.ਐਸ.ਓ ਦਾ ਲਗਾਤਾਰ ਮਾਰਗਦਰਸ਼ਨ।
ਕਈਂ ਸਕੀਮਾਂ ਲਈ 100% ਫੰਡ ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ।
ਯੂਨੀਵਰਸਿਟੀਆਂ ਅਤੇ ਅਕਾਦਮਿਕ ਸੰਸਥਾਂਵਾਂ ਨਾਲ ਗੱਲਬਾਤ ਰਾਹੀਂ ਡੈਟੇ ਵਿਚ ਸੁਧਾਰ ਕਰਨਾ।

- ਖਤਰਾ/ਧਮਕੀਆਂ:

i) ਮਨੁੱਖੀ ਸ਼ਕਤੀ ਦੀ ਬਹੁਤ ਘਾਟ ਆਮ ਕਰਕੇ ਅਤੇ ਗੁਣਵੱਤਾ ਦੀ ਵਿਸ਼ੇਸ਼ ਕਰਕੇ।ਆਊਟਸੋਰਸ ਅਤੇ ਠੇਕਾ ਅਧਾਰਤ ਸਟਾਫ ਤੇ ਨਿਰਭਰਤਾ। ਬਦਲਦੀਆਂ ਲੋੜਾਂ ਅਨੁਸਾਰ ਮਾਹਿਰਾਂ ਦੀ ਗੈਰ ਉਪਲਬੱਧਤਾ ਜਿਵੇਂ ਕਿ ਆਈ.ਟੀ ਅਤੇ ਕਾਨੂੰਨੀ ਮਾਹਿਰ।

ii) ਸਮੇਂ ਸਿਰ ਅਤੇ ਸਹੀ ਡੈਟਾ ਇਕੱਠਾ ਕਰਨਾ ਸਭ ਤੋਂ ਵੱਡੀ ਮਹਤੱਵਪੂਰਨ ਚੁਣੌਤੀ ਹੈ ਕਿਉਂਕਿ ਡੈਟਾ ਪ੍ਰਦਾਨ ਕਰਨ ਵਾਲੇ ਜਵਾਬਦੇਹ ਨਹੀਂ ਹੁੰਦੇ ਅਤੇ ਲਾਈਨ ਵਿਭਾਗਾਂ ਵਲੋਂ ਡੈਟਾ ਇਕੱਤਰ ਕਰਨ ਨੂੰ ਘੱਟ ਮਹਤੱਤਾ ਦਿੱਤੀ ਜਾ ਰਹੀ ਹੈ।

iii) ਲਾਈਨ ਵਿਭਾਗਾਂ ਵਿਚ ਪੇਸ਼ੇਵਾਰਾਨਾ ਲਾਈਨਾਂ ਤੇ ਡੈਟਾ ਪ੍ਰਦਾਨ ਕਰਨ ਲਈ ਅੰਕੜਾਤਮਕ ਕਰਮਚਾਰੀਆਂ ਦੀ ਘਾਟ ਹੈ।

iv) ਹੁਨਰਮੰਦ ਅਤੇ ਪੇਸ਼ੇਵਰ ਆਈ.ਟੀ ਮਾਹਿਰਾਂ ਦੀ ਕਮੀ।

**ੲ) ਸਰਵੇ ਦੇ ਨਤੀਜਿਆਂ, ਗਤੀਵਿਧੀਆਂ ਦੇ ਮਾਪਦੰਡਾਂ ਅਤੇ ਤੁਹਾਡੇ ਪ੍ਰੋਗਰਾਮ ਅਤੇ ਸੇਵਾਵਾਂ ਤੋਂ ਵਾਧੂ ਮੁਲਾਂਕਣ ਮੈਟਰਿਕਸ ਦੇ ਨਤੀਜਿਆਂ ਦਾ ਸਾਰ ਪੇਸ਼ ਕਰਨਾ।**

ESO ਨੇ ਤੀਜੀ ਧਿਰ ਤੋਂ ਐਮ.ਪੀ.ਲੈਡਜ਼ ਅਧੀਨ ਕੀਤੇ ਗਏ ਕੰਮ ਦਾ ਨਿਰੀਖਣ ਕਰਵਾਇਆ। ਖੇਤੀ ਵਿੱਤ ਕਾਰਪੋਰੇਸ਼ਨ ਨੇ ਚਾਰ ਪੜਾਵਾਂ ਵਿਚ, ਹਰੇਕ ਪੜਾਅ ਵਿਚ 4 ਜਿਲ੍ਹੇ ਕਵਰ ਕਰਕੇ ਇਹ ਨਿਰੀਖਣ ਕਰਵਾਇਆ। ਇਸਨੇ 3 ਪੜਾਵਾਂ, ਜਿਸ ਵਿਚ 12 ਜਿਲ੍ਹੇ ਸ਼ਾਮਲ ਹਨ, ਦੀਆਂ ਰਿਪੋਰਟਾਂ ਪਹਿਲਾਂ ਹੀ ਪੇਸ਼ ਕਰ ਦਿਤੀਆਂ ਹਨ ਅਤੇ ਚੌਥਾ ਪੜਾਅ ਜਿਸ ਵਿਚ 4 ਜਿਲ੍ਹੇ ਸ਼ਾਮਲ ਹਨ, ਦਾ ਕੰਮ ਪ੍ਰਗਤੀ ਅਧੀਨ ਹੈ।ਇਸ ਨੇ ਐਮ.ਪੀ.ਲੈਡਜ਼ ਦੇ ਲਾਗੂ ਕਰਨ ਵਿਚ ਸੁਧਾਰ ਲਈ ਸਿਫਾਰਸ਼ ਕੀਤੀ ਹੈ, ਜ਼ੋ ਕਿ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪਾਲਣਾ ਲਈ ਜਾਰੀ ਕੀਤੀ ਜਾ ਚੁੱਕੀ ਹੈ।ਇਸ ਨਾਲ ਸਕੀਮ ਵਿਚ ਸੁਧਾਰ ਹੋਏ ਹਨ ਅਤੇ ਜਿਲ੍ਹਾ ਅਥਾਰਟੀਆਂ ਫੰਡਾਂ ਦੀ ਪ੍ਰਵਾਨਗੀ ਅਤੇ ਸੰਭਾਵੀ ਆਡਿਟ ਇਤਰਾਜਾਂ ਅਤੇ ਬੇਨਾਮੀਆਂ ਲਈ ਵਧੇਰੇ ਸੁਚੇਤ ਹੋ ਗਈਆਂ ਹਨ।

**ਸ) ਵਿਭਾਗੀ ਕੰਮ-ਕਾਜ ਨੂੰ ਸੁਧਾਰਣ ਲਈ ਵਿਸ਼ੇਸ਼ ਯਤਨ/ਕਾਰਜ ਪ੍ਰਣਾਲੀ**

ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਐਮ.ਪੀ.ਲੈਡਜ਼ ਤੇ ਤੀਜੀ ਧਿਰ ਦੀਆਂ ਨਿਰੀਖਣ ਰਿਪੋਰਟਾਂ ਜਾਰੀ ਕਰਨ ਨਾਲ ਸਕੀਮਾਂ ਨੂੰ ਲਾਗੂ ਕਰਨ ਵਿਚ ਸੁਧਾਰ ਆਇਆ ਹੈ।

## 5. 4 ਸਾਲ ਦੀ ਰਣਨੀਤਕ ਕਾਰਵਾਈ ਯੋਜਨਾ (2019-23)/ ਸਲਾਨਾ ਕਾਰਵਾਈ ਯੋਜਨਾ (2019-20) ਅਤੇ ਇਸ ਦੇ ਅਧੀਨ ਕਾਰਜ

### ੳ) ਸਥਾਈ ਵਿਕਾਸ ਟੀਚੇ, ਟੀਚਿਆਂ ਦੀ ਪ੍ਰਾਪਤੀ ਦੀ ਪ੍ਰਗਤੀ, ਟੀਚਿਆਂ ਅਤੇ ਸੂਚਕ

| ਲੜੀ ਨੰ: | ਸਥਾਈ ਵਿਕਾਸ ਟੀਚੇ | ਟੀਚੇ | ਸੂਚਕ | ਸੂਚਕ ਇਕਾਈ | ਬੇਸ ਲਾਈਨ ਸਾਲ | ਬੇਸ ਲਾਈਨ ਮੁੱਲ | ਸੂਚਕ ਟੀਚੇ | | | | | ਪ੍ਰਾਪਤੀਆਂ | | |
|---|---|---|---|---|---|---|---|---|---|---|---|---|---|---|
| | | | | | | | 2019-20 | 2020-21 | 2021-22 | 2022-23 | ਵਿੱਤ ਸਾਲ 2030 | 2019-20 | 2020-21 | 2021-22 |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
| | ਸਬੰਧਤ ਨਹੀਂ | | | | | | | | | | | | | |

### 5. ਅ) ਸਕੀਮਾਂ, ਪ੍ਰਾਜੈਕਟਾਂ ਅਤੇ ਸੂਚਕਾਂ ਵਿੱਚ ਦਖਲ

| ਲੜੀ ਨੰ: | ਸਕੀਮ/ਪ੍ਰਾਜੈਕਟ ਦਖਲ | ਅਨੁਮਾਨਤ ਖਰਚਾ (ਫੰਡਿੰਗ ਸਰੋਤ) | ਸੂਚਕ | ਇਕਾਈ | ਬੇਸ ਲਾਈਨ ਸਾਲ | ਬੇਸ ਲਾਈਨ ਮੁੱਲ | ਸੂਚਕ ਟੀਚੇ | | | | ਪ੍ਰਾਪਤੀਆਂ | | |
|---|---|---|---|---|---|---|---|---|---|---|---|---|---|
| | | | | | | | 2018-19 | 2019-20 | 2020-21 | ਵਿੱਤੀ ਸਾਲ 2030 | 2018-19 | 2019-20 | 2020-21 |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| 1 | ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ)PMAY(U) ਪਹਿਲਾਂ ਊਸ਼ਾ ਸਕੀਮ | ਭਾਰਤ ਸਰਕਾਰ ਆਵਾਸ ਅਤੇ ਸ਼ਹਿਰੀ ਗਰੀਬੀ ਨਿਵਾਰਣ ਮੰਤਰਾਲਾ | ੳ)ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਦੀ ਤਿਆਰੀ<br><br>ਅ) HSUI ਦੇ ਅਧੀਨ 9 ਜਿਲਿਆਂ ਦਾ EWS/LIG ਮਕਾਨਾਂ ਦਾ ਡੈਟਾਂ ਇੱਕਤਰ ਅਤੇ ਸੰਗ੍ਰਹਿ ਕਰਨਾ | ਨੰਬਰ<br><br>ਨੰਬਰ | 2011-12<br><br>- | ਭਾਰਤ ਸਰਕਾਰ ਦੁਆਰਾ 5.00 ਲੱਖ ਰੁ/ | ਸਲਾਨਾ | ਸਲਾਨਾ | ਸਲਾਨਾ | | | | |
| | ਜੀ.ਆਈ.ਐਸ | ਪੰਜਾਬ ਸਰਕਾਰ | ਜੀ.ਐਸ. ਲੇਅਰ | | 2013 | | ਜੀ.ਆਈ.ਐਸ ਡਾਟਾ ਬੇਸ ਦੀ ਕਰੀਏਸ਼ਨ ਅਤੇ ਵੈਬ ਜੀ.ਆਈ.ਐਸ. ਦੀ ਤਿਆਰੀ | ਜੀ.ਆਈ.ਐਸ ਡਾਟਾ ਬੇਸ ਅਤੇ ਵੈਬ ਜੀ.ਆਈ.ਐਸ. ਦੀ ਅਪਡੇਸ਼ਨ | ਜੀ.ਆਈ.ਐਸ ਡਾਟਾ ਬੇਸ ਅਤੇ ਵੈਬ ਜੀ.ਆਈ.ਐਸ. ਦੀ ਅਪਡੇਸ਼ਨ | | ਬਿਟਾ ਵਰਜਨ ਆਫ ਵੈਬ ਜੀ.ਆਈ.ਐਸ. ਦੀ ਤਿਆਰੀ ਹੋ ਚੁੱਕੀ ਹੈ। | | |

ੲ) ਵਿੱਤੀ ਪ੍ਰਦਸ਼ਨ

| ਲੜੀ ਨੰ: | ਸਕੀਮ/ਪ੍ਰਾਜੈਕਟ ਦਖਲ | 2017-18 | | ਵਿੱਤੀ ਜਰੂਰਤਾਂ(ਅੰਦਾਜਨ) | | | | | ਅਸਲੀ ਖਰਚਾ | | | |
|---|---|---|---|---|---|---|---|---|---|---|---|---|
| | | ਅਨੁਮਾਨਤ ਬਜਟ | ਖਰਚਾ | 2018-19 | 2019-20 | 2020-21 | 2021-22 | ਕੁੱਲ ਜੋੜ | 2019-20 | 2020-21 | 2021-22 | 2022-23 |
| 1 | 2 | 3 | 4 | 5 | 6 | 7 | 8 | | 9 | 10 | 11 | 12 |
| 1 | ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ)PM AY(U) ਪਹਿਲਾਂ ਊਸ਼ਾ ਸਕੀਮ | *34.91 ਲੱਖ | 17.85 ਲੱਖ | 46.00 ਲੱਖ | 46.00 ਲੱਖ | 46.00 ਲੱਖ | 46.00 ਲੱਖ | 184.00 ਲੱਖ | - | - | - | - |

*ਸਾਲ 2014-15 ਦੌਰਾਨ 56.00 ਲੱਖ ਰੁਪਏ ਪ੍ਰਾਪਤ ਹੋਏ ਸਨ। ਭਾਰਤ ਸਰਕਾਰ ਦੁਆਰਾ ਰੀਵੈਲੀਡੇਸ਼ਨ ਕਰਨ ਉਪਰੰਤ ਇਸ ਵਿਚੋਂ ਸਾਲ 2014-15, 2015-16 ਅਤੇ 2016-17 ਦੌਰਾਨ 21.09 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ। ਬਕਾਇਆ ਰਾਸ਼ੀ ਵਿਚੋਂ ਸਾਲ 2017-18 ਦੌਰਾਨ 17.85 ਲੱਖ ਰੁਪਏ ਖਰਚ ਕੀਤੇ ਗਏ।

6. ਉਪਰੋਕਤ 5 (ੳ) ਅਤੇ (ਅ) ਦੇ ਅਧੀਨ ਦਰਜ ਕੀਤੀਆਂ ਗਈਆਂ ਮਹੱਤਵਪੂਰਨ ਪ੍ਰਾਪਤੀਆਂ (ਮਾਨਤਾ, ਗੁਣਵੱਤਾ ਪ੍ਰਮਾਣ ਪੱਤਰ, ਪ੍ਰਕਾਸ਼ਨ, ਕਾਨਫਰੰਸਾਂ, ਪੇਸ਼ਕਾਰੀਆਂ ਅਤੇ ਹੋਰ ਸਬੰਧਤ ਜਾਣਕਾਰੀ):

7. ਵਿਭਾਗ ਦੇ ਕਰਮਚਾਰੀਆਂ ਦੇ ਮੁੱਖ ਪ੍ਰਦਰਸ਼ਨ ਮਾਪਦੰਡ

| ਲੜੀ ਨੰ: | ਸਕੀਮ/ਪ੍ਰਾਜੈਕਟ ਦਖਲ | ਮੁੱਖ ਪ੍ਰਦਰਸ਼ਨ ਮਾਪਦੰਡ | **KPP** ਇਕਾਈ | ਟੀਚੇ | | | ਪ੍ਰਾਪਤੀਆਂ | | | | ਟਿਪਣੀ |
|---|---|---|---|---|---|---|---|---|---|---|---|
| | | | | 2018-19 | 2019-20 | 2020-21 | ਵਿ.ਸ. 2030 | 2018-19 | 2019-20 | 2020-21 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| | ਸਬੰਧਤ ਨਹੀਂ | | | | | | | | | | |

8. ਸਾਲ ਦੌਰਾਨ ਬਕਾਇਆ ਆਡਿਟ ਪੈਰ੍ਹਿਆਂ ਦੇ ਨਿਪਟਾਰੇ ਦੀ ਪ੍ਰਗਤੀ:


| ਸ਼ੁਰੂਆਤੀ ਬਕਾਇਆ | ਪ੍ਰਾਪਤ ਹੋਇਆ | ਨਿਪਟਾਰਾ | ਸਾਲ ਦੇ ਅੰਤ ਵਿੱਚ ਬਕਾਇਆ |
|---|---|---|---|
| 1 | 2 | 3 | 4 |
| 118 | 23 | 29 | 112 |

9. ਅੰਤਿਮਾ (ਚਾਰਟ, ਟੇਬਲ, ਅਨੈਕਚਰਜ ਆਦਿ)

ਨਾਲ ਨੱਥੀ ਕੀਤੇ ਜਾਂਦੇ ਹਨ।

# ਅਨੈਕਸਚਰ-I
# ਅਰਥ ਤੇ ਅੰਕੜਾ ਸੰਗਠਨ, ਪੰਜਾਬ

**(31.3.2018 ਤੱਕ)**



ਅਨੈਕਸਚਰ-**II:** ਸ੍ਰੇਣੀਵਾਰ ਮਨਜ਼ੂਰ ਸੁਦਾ ਅਤੇ ਭਰੀਆਂ ਅਸਾਮੀਆਂ - ਕੁੱਲ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਮਿਤੀ 31.3.2018 ਤੱਕ

| ਸਟਾਫ ਦੀ ਸ਼੍ਰੇਣੀ | ਕੁੱਲ ਮਨਜ਼ੂਰ ਸੁਦਾ ਆਸਾਮੀਆਂ | ਕੁਲ ਭਰੀਆਂ ਅਸਾਮੀਆਂ | ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪੱਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪ੍ਰਤੀਸ਼ਤਤਾ | |
|---|---|---|---|---|---|---|
| | | | | | ਅਨੁਸੂਚਿਤ ਜਾਤੀਆਂ | ਪੱਛੜੀਆਂ ਜਾਤੀਆਂ |
| 1 | 2 | 3 | 4 | 5 | 6 | 7 |
| ਗਰੁੱਪ ਏ | 78 | 25 | 7 | 1 | 28.00 | 4.00 |
| ਗਰੁੱਪ ਬੀ | 267 | 80 | 20 | 3 | 25.00 | 3.75 |
| ਗਰੁੱਪ ਸੀ | 380 | 139 | 23 | 19 | 16.54 | 13.66 |
| ਗਰੁੱਪ ਡੀ | 104 | 52 | 27 | 5 | 51.92 | 9.61 |
| ਜੋੜ | 829 | 296 | 77 | 28 | **26.01** | **9.46** |

## ਅਨੈਕਸਚਰ-III: 31.3.2018 ਤੱਕ ਆਹੁੱਦੇਵਾਰ ਮੰਨਜ਼ੂਰਸ਼ੁਦਾ ਅਤੇ ਭਰੀਆਂ ਅਸਾਮੀਆਂ ਦਾ ਵੇਰਵਾ

| ਅਸਾਮੀ ਦਾ ਨਾਂ/ਆਹੁੱਦਾ | ਮੰਨਜ਼ੂਰਸ਼ੁਦਾ ਅਸਾਮੀਆਂ | | | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| | ਮੁੱਖ ਦਫਤਰ | ਜ਼ਿਲ੍ਹਾ ਪੱਧਰ | ਕੁੱਲ | | |
| 1 | 2 | 3 | 4 | 5 | 6 |
| ਗਰੁੱਪ ਏ ਅਸਾਮੀਆਂ | | | | | |
| (i) ਆਰਥਿਕ ਸਲਾਹਕਾਰ | 1 | 0 | 1 | 1 | 0 |
| (ii) ਡਾਇਰੈਕਟਰ | 2 | 0 | 2 | 2 | 0 |
| (iii) ਮੀਤ ਡਾਇਰੈਕਟਰ | 3 | 0 | 3 | 3 | 0 |
| (iv) ਉਪ ਅਰਥ ਅਤੇ ਅੰਕੜਾ ਸਲਾਹਕਾਰ | 5 | 22 | 27 | 11 | 16 |
| (v) ਖੋਜ ਅਫਸਰ | 22 | 22 | 44 | 7 | 37 |
| (vi) ਸੁਪਰਡੰਟ ਗ੍ਰੇਡ-1 | 1 | 0 | 1 | 1 | 0 |
| **ਉਪ ਜੋੜ ਗਰੁੱਪ-ਏ ਅਸਾਮੀਆਂ (i-vi)** | **34** | **44** | **78** | **25** | **53** |
| ਗਰੁੱਪ ਬੀ ਅਸਾਮੀਆਂ | | | | | |
| (i) ਜ਼ਿਲ੍ਹਾ ਅੰਕੜਾ ਅਫ਼ਸਰ | 0 | 16 | 16 | 3 | 13 |
| (ii) ਸਹਾਇਕ ਖੋਜ ਅਫਸਰ | 58 | 63 | 121 | 17 | 104 |
| (iii) ਸੀਨੀਅਰ ਆਰਟਿਸਟ | 1 | 0 | 1 | 0 | 1 |
| (iv) ਡਰਾਫਟਸਮੈਨ | 2 | 0 | 2 | 0 | 2 |
| (v) ਸੁਪਰਡੰਟ ਗ੍ਰੇਡ- II | 2 | 0 | 2 | 1 | 1 |
| (vi) ਅੰਕੜਾ ਸਹਾਇਕ | 33 | 61 | 94 | 35 | 59 |
| (vii) ਸੀਨੀਅਰ ਸਹਾਇਕ | 13 | 14 | 27 | 22 | 5 |
| (viii) ਸੀਨੀਅਰ ਸਕੇਲ ਸਟੈਨੋਗ੍ਰਾਫਰ | 4 | 0 | 4 | 2 | 2 |
| **ਉਪ ਜੋੜ ਗਰੁੱਪ-ਬੀ ਅਸਾਮੀਆਂ (i-viii)** | **113** | **154** | **267** | **80** | **187** |
| ਗਰੁੱਪ-ਸੀ ਅਸਾਮੀਆਂ | | | | | |
| (i) ਲਾਇਬ੍ਰੇਰੀਅਨ | 1 | 0 | 1 | 0 | 1 |
| (ii) ਜੂਨੀਅਰ ਡਰਾਫਟਸ ਮੈਨ | 1 | 0 | 1 | 0 | 1 |
| (iii) ਜੂਨੀਅਰ ਸਕੇਲ ਸਟੈਨੋਗ੍ਰਾਫਰ | 11 | 0 | 11 | 2 | 9 |
| (iv) ਸਟੈਨੋ ਟਾਈਪਿਸਟ | 23 | 31 | 54 | 9 | 45 |
| (v) ਜੂਨੀਅਰ ਸਹਾਇਕ/ਕਲਰਕ | 16 | 49 | 65 | 42 | 23 |
| (vi) ਇਨਵੈਸਟੀਗੇਟਰ | 54 | 152 | 206 | 69 | 137 |
| (vii) ਡੈਟਾ ਐਂਟਰੀ ਉਪਰੇਟਰ | 0 | 31 | 31 | 12 | 19 |
| (viii) ਡਰਾਈਵਰ, | 3 | 7 | 10 | 5 | 5 |
| (ix) ਜਿਲਦਸਾਜ | 1 | 0 | 1 | 0 | 1 |
| **ਉਪ ਜੋੜ ਗਰੁੱਪ-ਸੀ ਅਸਾਮੀਆਂ (i-ix)** | **110** | **270** | **380** | **139** | **241** |
| ਗਰੁੱਪ-ਡੀ ਅਸਾਮੀਆਂ | | | | | |
| (i) ਜੀ.ਓ | 1 | 0 | 1 | 0 | 1 |
| (ii) ਹੈਡ ਸੇਵਾਦਾਰ | 1 | 0 | 1 | 1 | 0 |
| (iii) ਦਫਤਰੀ | 1 | 0 | 1 | 1 | 0 |
| (iv) ਸੇਵਾਦਾਰ/ ਜਮਾਂਦਾਰ-ਕਮ-ਚੈਕੀਦਾਰ | 43 | 58 | 101 | 50 | 51 |
| **ਉਪ ਜੋੜ ਗਰੁੱਪ-ਡੀ ਅਸਾਮੀਆਂ (i-iv)** | **46** | **58** | **104** | **52** | **52** |
| ਕੁੱਲ ਜੋੜ (ਗਰੁੱਪ ਏ+ਬੀ+ਸੀ+ਡੀ) | **303** | **526** | **829** | **296 (36%)** | **533 (64%)** |

ਅਨੈਕਚਸਰ–**IV :** ਸਾਲ 2017–18 ਦੌਰਾਨ ਤਿਆਰ ਕੀਤੀਆਂ ਪ੍ਰਕਾਸ਼ਨਾਂ/ਰਿਪੋਰਟਾਂ ਦੀ ਲਿਸਟ

| ਲੜੀ ਨੰ: | ਪਬਲੀਕੇਸ਼ਨ ਦਾ ਨਾਂ | ਟੀਚਾ |
|---|---|---|
| 1 | ਪੰਜਾਬ ਦਾ ਅੰਕੜਾ ਸਾਰ | ਬਜੱਟ ਸੈਸ਼ਨ ਅਨੁਸਾਰ |
| 2 | ਪੰਜਾਬ ਦਾ ਆਰਥਿਕ ਸਰਵੇਖਣ | ਬਜੱਟ ਸੈਸ਼ਨ ਅਨੁਸਾਰ |
| 3 | ਪੰਜਾਬ ਐਟ ਏ ਗਲਾਂਸ (ਜ਼ਿਲ੍ਹਾਵਾਰ) | ਜੂਨ |
| 4 | ਪਿੰਡਾਂ ਦੀ ਡਾਇਰੈਕਟਰੀ | ਅਕਤੂਬਰ |
| 5 | ਬਲਾਕ ਐਟ ਏ ਗਲਾਂਸ | ਅਕਤੂਬਰ |
| 6 | ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ ਬਨਾਮ ਭਾਰਤ | ਨਵੰਬਰ |
| 7 | ਰਾਜ ਆਮਦਨ ਅਨੁਮਾਨ | ਮਾਰਚ |
| 8 | ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ | ਮਾਰਚ |
| 9 | ਨਗਰ ਪਾਲਿਕਾ ਅੰਕੜਾ ਪੁਸਤਕ | ਮਾਰਚ |
| 10 | ਪੰਜਾਬ ਵਿਚ ਜਿਲ੍ਹਾਵਾਰ ਛੋਟੀਆਂ ਫਸਲਾਂ | ਅਣਮਿੱਥਾ |
| 11 | ਉਪਭੋਗਤਾ ਭਾਅ ਸੂਚਕ (ਸੀ ਪੀ ਆਈ) | ਹਰ ਮਹੀਨੇ ਦਾ ਪਹਿਲਾ ਹਫਤਾ |
| 12 | ਉਦਯੋਗਿਕ ਉਤਪਾਦਨ ਸੂਚਕਾਂਕ (ਆਈ ਆਈ ਪੀ) | ਹਰੇਕ ਤਿਮਾਹੀਵਾਰ |
| 13 | ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ | ਮਾਰਚ |

# ਸਾਲ 2017-18 ਦੌਰਾਨ ਕੰਮ ਕਰ ਰਹੇ ਅਫਸਰਾਂ ਦੇ ਨਾਂ ਅਤੇ ਆਹੁੱਦਾ

| ਆਹੁੱਦਾ | ਸਰਵ ਸ਼੍ਰੀ/ਸ਼੍ਰੀਮਤੀ |
|---|---|
| ਪ੍ਰਬੰਧਕੀ ਸਕੱਤਰ | ਅਨਿਰੁੱਧ ਤਿਵਾਰੀ, ਪ੍ਰਮੁੱਖ ਸਕੱਤਰ, ਯੋਜਨਾਬੰਦੀ |
| ਆਰਥਿਕ ਸਲਾਹਕਾਰ | ਮੋਹਨ ਲਾਲ ਸ਼ਰਮਾ |
| ਡਾਇਰੈਕਟਰ | 1. ਤੀਰਥ ਸਿੰਘ<br>2. ਪਰਮਿੰਦਰ ਸਿੰਘ |
| ਮੀਤ ਡਾਇਰੈਕਟਰ | 1. ਹਰਵਿੰਦਰ ਸਿੰਘ<br>2. ਜਗਦੀਪ ਸਿੰਘ<br>3. ਕੁਲਦੀਪ ਕੌਰ |
| ਉਪ ਅਰਥ ਅਤੇ ਅੰਕੜਾ ਸਲਾਹਕਾਰ<br>ਮੁੱਖ ਦਫਤਰ/ਜ਼ਿਲ੍ਹਾ ਪੱਧਰ | 1. ਪਰਮਜੀਤ ਸਿੰਘ<br>2. ਰਾਣੀ<br>3. ਪਰਮਿੰਦਰ ਕੌਰ<br>4. ਰਾਕੇਸ਼ ਕਾਲੀਆ<br>5. ਭੁਪਿੰਦਰ ਕੌਰ<br>6. ਅਸ਼ੋਕ ਕੁਮਾਰ<br>7. ਚਰਨਜੀਤ ਸਿੰਘ<br>8. ਅਮਨਦੀਪ ਸਿੰਘ<br>9. ਨਰੇਸ਼ ਕੁਮਾਰ<br>10. ਸੁਨੀਤਾ ਬੈਂਸ<br>11. ਦਵਿੰਦਰ ਕੁਮਾਰ |